
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥**
**ਜੀਵਤ ਸਾਹਿਬੁ ਸੇਵਿਓ ਆਪਨਾ, ਚਲਤੇ ਰਾਖਿਓ ਚੀਤਿ ॥**

ਮਈ ੧੯੭੪



MAY 1974

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ 3/70-68-21 (ਅ.ਪ.) ਮਿਤੀ 17-10-68 ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਰਹਿੰਦੇ ਗੁਰ ਦਰੀਆਉ ਵਿਚਿ | ਭਾਈ ਸਾਹਿਬ ਗੁਰਦਾਸ ਜੀ | ੧ |
| ਗੁਰਬਾਣੀ ਵੀਚਾਰ—ਕਿਰਤ ਕਰਮ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਪੰਚਮ ਪਾਤਸ਼ਾਹ ਜੀ ਦੀ ਨਿਸ਼ਕਾਮ ਸ਼ਹੀਦੀ | ,, ,, | ੫ |
| ਮੀਆਂ ਮੀਰ ਤੇ ਗੁਰੂ ਅਰਜਨ ਦੇਵ | ,, ,, | ੬ |
| ਪੰਜਵੇਂ ਪਾਤਸ਼ਾਹ ਦੇ ਪੰਜ ਮਹਾਨ ਗੁਣ | ਪੰਜਾਬੀ ਰਤਨ ਤੋਂ ਪ੍ਰਾਪਤ | ੭ |
| ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ | ਸ: ਹਰਜੀਤ ਸਿੰਘ ਜੀ ਧਾਲੀਵਾਲ | ੧੦ |
| ਭਾਈ ਮਨੀ ਸਿੰਘ ਜੀ ਸ਼ਹੀਦ | ਗਿਆਨੀ ਭਜਨ ਸਿੰਘ ਜੀ | ੧੭ |
| ਗੋਇੰਦਵਾਲ ਵਿਚ ਗੁਰਦਵਾਰੇ | ਹੈਡਮਾਸਟਰ ਦਸੌਂਧਾ ਸਿੰਘ ਜੀ | ੧੯ |
| ਸਿੰਘੋ ! ਵੇਲਾ ਸੰਭਾਲੋ | ਭਾ: ਸਾ: ਅਰਿਦਮਨ ਸਿੰਘ ਜੀ ਬਾਗੜੀਆਂ | ੨੧ |
| ਆਸਤਕ ਤੇ ਨਾਸਤਕ | ਭਾਈ ਸਾਹਿਬ ਰਣਧੀਰ ਸਿੰਘ ਜੀ | ੨੨ |
| ਪੁਸਤਕਾਂ ਬਾਰੇ ਸੂਚਨਾ | ਭਾਈ ਸਾਹਿਬ ਬਲਬੀਰ ਸਿੰਘ ਜੀ | ੨੮ |
| ਇਕ ਆਦਰਸ਼ਕ ਵਿਆਹ | ਹੈਡਮਾਸਟਰ ਦਸੌਂਧਾ ਸਿੰਘ ਜੀ | ੩੦ |
| ਸਿੰਘ ਸਭਾ ਲਹਿਰ ਦੀ ਦੇਣ | ਗਿਆਨੀ ਗੁਰਦਿਤ ਸਿੰਘ ਜੀ | ੩੩ |
| ਫ਼ਿਲਮਾਂ ਤੇ ਗੰਦੇ ਸਾਹਿੱਤ ਦਾ ਨੌਜਵਾਨ ਪਰ ਪ੍ਰਭਾਵ | ਗਿਆਨੀ ਪ੍ਰਤਾਪ ਸਿੰਘ ਜੀ | ੩੭ |
| ਨਕਲੀ ਨਿਰੰਕਾਰੀਆਂ ਵਿਰੁਧ ਰੋਸ | 'ਗਿਆਨ-ਅੰਮ੍ਰਿਤ' ਚੋਂ | ੩੯ |


## ਮਈ ੧੯੭੪ ਵਿਚ ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ਧਾਰਿਆ | ੫ ਮਈ |
| ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਗੁਰਿਆਈ ਪ੍ਰਾਪਤ ਕੀਤੀ | ੧੪ ਮਈ |
| ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ਸਮਾਏ | ੨੫ ਮਈ |
| ਸੰਗਰਾਂਦ ਜੇਠ | ੧੪ ਮਈ |
| ਪੂਰਨਮਾਸ਼ੀ | ੬ ਮਈ |
| ਮਸਿਆ | ੨੧ ਮਈ |

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਸਾਲਾਨਾ ਚੰਦਾ ਦੇਸ : ੬ ਰੁਪਏ
ਫੀ ਕਾਪੀ : ੫੦ ਪੈਸੇ




ਪਰਦੇਸ : ਸਮੁੰਦਰੀ ਡਾਕ ਰਾਹੀਂ ੩ ਪੌਂਡ
ਹਵਾਈ ਡਾਕ ਦੇ ਰੇਟ ਵਖ ਵਖ ਹਨ।

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੮ | ੧ ਮਈ, ੧੯੭੪ | ਅੰਕ ੫

## ਰਹਿੰਦੇ ਗੁਰ ਦਰੀਆਉ ਵਿਚਿ

ਰਹਿੰਦੇ [1]ਗੁਰ ਦਰੀਆਉ ਵਿਚਿ, [2]ਮੀਨ ਕੁਲੀਨ ਹੇਤੁ[3] ਨਿਰਬਾਣੀ[4] ॥
ਦਰਸਨੁ ਦੇਖਿ ਪਤੰਗ ਜਿਉ, ਜੋਤੀ ਅੰਦਰਿ ਜੋਤਿ ਸਮਾਣੀ ॥
ਸਬਦ ਸੁਰਤਿ ਲਿਵ ਮਿਰਗ[5] ਜਿਉ, ਭੀੜ ਪਈ ਚਿਤੁ ਅਵਰੁ ਨ ਆਣੀ ॥
ਚਰਨ ਕਵਲ ਮਿਲਿ ਭਵਰ ਜਿਉ, ਸੁਖ ਸੰਪਟ[6] ਵਿਚਿ ਰੈਣਿ ਵਿਹਾਣੀ ॥
ਗੁਰੁ ਉਪਦੇਸੁ ਨ ਵਿਸਰੈ, ਬਾਬੀਹੇ ਜਿਉ [7]ਆਖ ਵਖਾਣੀ ॥
ਗੁਰਮੁਖਿ ਸੁਖ ਫਲੁ ਪਿਰਮ ਰਸ, ਸਹਜ ਸਮਾਧਿ ਸਾਧ ਸੰਗਿ ਜਾਣੀ ॥
ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥

[ਭਾਈ ਗੁਰਦਾਸ ਜੀ, ਵਾਰ ੨੪

੧. ਗੁਰੂ ਰਾਮਦਾਸ ਜੀ ਰੂਪੀ ਦਰਿਆ ਵਿਚ। ੨. ਉਚੀ ਕੁਲ ਵਾਲੀ ਮੱਛੀ ਵਾਂਗ। ੩. ਪ੍ਰੀਤ। ੪. ਤਿਆਗੀ। ੫. ਹਿਰਨ। ੬. ਡੱਬੀ। ੭. ਪ੍ਰਿਉ ਪ੍ਰਿਉ ਦੀ ਰਟ ਜਾਰੀ ਰਖਦਾ ਹੈ।

ਅਡੀਟਰ : ਜਸਵੰਤ ਸਿੰਘ ਗਿਆਨੀ, ਬੀ. ਏ., ਬੀ. ਟੀ.

www.AKJ.Org

# ਗੁਰਬਾਣੀ-ਵੀਚਾਰ

## ਕਿਰਤ-ਕਰਮ

[ ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਪੂਰਬਲੇ ਕਰਮਾਂ ਦੇ ਬਦਲੇ ਅਗਲੇਰੇ ਜਨਮ ਵਿਚ ਜਜ਼ਾ ਸਜ਼ਾ ਵਜੋਂ ਉਸੇ ਭੁਗਤ ਦੇ ਕਰਮ ਭੁਗਤਾਏ ਜਾਂਦੇ ਹਨ। ਬਾਰੰਬਾਰ ਉਹੀ ਇਕੋ ਕਰਮ ਕਰਨ ਦੀ ਜੋ ਵਹਿਦਤ ਪੈ ਜਾਂਦੀ ਹੈ, ਆਦਤ ਪੈ ਜਾਂਦੀ ਹੈ, ਉਸ ਵਹਿਦਤ ਆਦਤ ਅਧੀਨ ਜੋ ਭੀ ਕਰਮ ਪ੍ਰਾਣੀ ਕਰਦਾ ਹੈ ਉਸ ਦਾ ਨਾਮ ਕਿਰਤ-ਕਰਮ ਹੈ। ਕਿਰਤ ਵਾਲੇ ਕਰਮ ਭੁਗਤਣੇ ਹੀ ਪੈਂਦੇ ਹਨ; ਮਿਟਦੇ ਨਹੀਂ। ਆਵਾਗਵਨ ਭੀ ਇਸ ਕਿਰਤ ਕਰੰਮੀ ਗੇੜ ਕਰਕੇ ਹੁੰਦਾ ਹੈ। ਕਰਮਾਂ ਦੀ ਕਿਰਤ ਮਥੇ ਲਿਖੀ ਜਾਂਦੀ ਹੈ ਕਰਮ ਭੁਗਤਾਉਣ ਲਈ। ਯਥਾ ਗੁਰਵਾਕ :—

**ਆਵੈ ਜਾਇ ਭਵਾਈਐ, ਪਇਐ ਕਿਰਤਿ ਕਮਾਇ ॥**
**ਪੂਰਬਿ ਲਿਖਿਆ ਕਿਉ ਮੇਟੀਐ, ਲਿਖਿਆ ਲੇਖੁ ਰਜਾਇ ॥**
**ਬਿਨੁ ਹਰਿਨਾਮ ਨ ਛੁਟੀਐ, ਗੁਰਮਤਿ ਮਿਲੈ ਮਿਲਾਇ ॥**

[ਸਿਰੀ ਰਾਗ ਮ: ੧ ਅਸਟਪਦੀਆਂ, ਪੰਨਾ ੫੯

**ਭਾਵ ਅਰਥ :**—ਬਾਰੰਬਾਰ ਦੂਜੇ ਭਾਵ ਦੇ ਕਰਮ ਕਮਾਵਣ ਕਰਿ, ਜੋ ਬੰਦੇ ਦੀ ਕਿਰਤ ਬਿਰਤ ਹੋ ਜਾਂਦੀ ਹੈ, ਵਹਿਦਤ ਰੂਪ ਉਹ ਮੱਥੇ ਤੇ ਲਿਖੀ ਜਾਂਦੀ ਹੈ। ਉਸੇ ਅਨੁਸਾਰ ਉਹ ਜੂਨਾਂ ਵਿਚ ਆਉਂਦਾ ਜਾਂਦਾ ਹੈ ਅਤੇ ਆਵਾਗਉਣ ਦੇ ਚਕਰ ਵਿਚ ਭਉਂਦਾ ਹੈ। ਕਿਰਤ ਪਈ ਅਨੁਸਾਰ ਭਵਾਈਦਾ ਹੈ। ਅਗਲੇ ਜਨਮ ਵਿਚ ਹੀ ਕੁਕ੍ਰਿਤ ਕਰਮ ਜ਼ਰੂਰ ਹੀ ਉਸ ਤੋਂ ਹੁੰਦੇ ਹਨ। ਇਹ ਪਹਿਲੇ ਜਨਮ ਦੀ ਸਜ਼ਾ ਉਸ ਨੂੰ ਮਿਲਦੀ ਹੈ। ਉਹ ਉਸ ਨਾਲ ਕੋਈ ਬੇਇਨਸਾਫ਼ੀ ਨਹੀਂ ਹੁੰਦੀ, ਸਗੋਂ ਐਨ ਇਨਸਾਫ਼ ਹੁੰਦਾ ਹੈ। ਪੂਰਬਲਾ ਲੇਖ ਲਿਖਿਆ ਕਿਸੇ ਦਾ ਮਿਟਾਇਆ ਮਿਟਦਾ ਨਹੀਂ, ਕਿਉਂਕਿ ਉਹ ਕਰਮ ਰਜਾਇ ਅਨੁਸਾਰ ਲਿਖਿਆ ਗਇਆ ਹੁੰਦਾ ਹੈ। ਉਸ ਕਿਰਤ-ਕਰੰਮੀ ਲਿਖੇ ਲੇਖ ਤੋਂ ਛੁਟਕਾਰਾ ਹੁੰਦਾ ਹੈ ਤਾਂ ਸਤਿਗੁਰੂ ਦੁਆਰਾ ਨਾਮ ਮਿਲੇ ਤੋਂ ਹੁੰਦਾ ਹੈ; ਨਹੀਂ ਤਾਂ ਲੇਖ ਨਹੀਂ ਮਿਟਦਾ। "ਬਿਨੁ ਹਰਿ ਨਾਮ ਨ ਛੁਟੀਐ"। ਪ੍ਰੰਤੂ ਨਾਮੁ ਮਿਲਦਾ ਹੈ ਗੁਰਮਤਿ ਕਰਕੇ, ਗੁਰੂ ਦਾ ਮਿਲਾਇਆ ਹੀ ਮਿਲਦਾ ਹੈ। ਇਸ ਬਿਧਿ ਕਰਮ-ਕਿਰਤ ਰੇਖਾ ਭੀ ਗੁਰੂ ਦੀ ਮਿਟਾਈ ਹੀ ਮਿਟਦੀ ਹੈ।

ਇਸ ਪ੍ਰਥਾਇ ਇਕ ਸਾਖੀ ਆਉਂਦੀ ਹੈ ਕਿ ਗੁਰੂ ਅਰਜਨ ਸਾਹਿਬ ਪੰਚਮ ਗੁਰੂ ਪਾਤਸ਼ਾਹ ਦੇ ਦਰਬਾਰ ਵਿਚ ਇਕ ਪਰਜਾਪਤੀ ਰਾਜਾ ਸਣੇ ਰਣਵਾਸ ਦੇ (ਰਾਣੀਆਂ ਆਦਿਕ ਪਰਵਾਰ ਸਹਿਤ) ਆਪਣੀ ਕਲਿਆਣ ਨਮਿਤ ਆਇਆ। ਆਪਣੇ ਕਰਮਾਂ ਦੇ ਲੇਖ ਮਿਟਾਉਣ ਹਿਤ ਆਇਆ। ਪ੍ਰੰਤੂ ਉਸ ਨੇ ਮਨ ਹੀ ਮਨ ਵਿਚ ਆਪਣੇ ਇਸ ਆਸ਼ੇ-ਅਭਿਪਰੇ ਨੂੰ ਗੁਪਤ ਹੀ ਰਖਿਆ। ਕਿਸੇ ਨੂੰ ਦਸਿਆ ਨਹੀਂ। ਨਾ ਹੀ ਆਪਣੀ ਜ਼ਬਾਨੀ ਗੁਰੂ ਪਾਸ ਦਰਸਾਇਆ। ਚੁਪ ਚਪੀਤਾ ਗੁਰੂ ਕੀਆਂ ਸੰਗਤਾਂ ਵਿਚ ਕੁਛ ਦਿਨ ਵਿਚਰਦਾ ਰਿਹਾ। ਗੁਰੂ-ਦਰਬਾਰ ਵਿਚ ਆਵੇ ਤੇ ਚਲਿਆ ਜਾਵੇ। ਜਿਥੇ ਉਸ ਦਾ ਉਤਾਰਾ ਸੀ, ਉਥੇ ਜਾ ਬਿਸਰਾਮ ਕਰੇ। ਅੰਮ੍ਰਿਤ ਵੇਲੇ ਗੁਰੂ ਕੀਆਂ ਸੰਗਤਾਂ ਦੇ ਨਾਲ ਹੀ ਉਠਣ ਦੀ ਉਸ ਨੂੰ ਆਦਤ ਪੈ ਗਈ।

ਇਕ ਦਿਨ ਅੰਮ੍ਰਿਤ ਵੇਲੇ ਇਕ ਗੁਰੂ ਕਾ ਸਿਖ 'ਓਅੰਕਾਰ' ਬਾਣੀ ਦਾ ਪਾਠ ਕਰਦਾ ਸੀ। ਉਸ ਪਾਠ ਵਿਚ ਜਦੋਂ ਇਹ ਤੁਕ ਰਾਜੇ ਨੇ ਸੁਣੀ ਕਿ —



www.AKJ.Org

"ਲੇਖੁ ਨ ਮਿਟਈ ਹੇ ਸਖੀ, ਜੋ ਲਿਖਿਆ ਕਰਤਾਰਿ" ਤਾਂ ਉਸ ਦੇ ਮਨ ਵਿਚ ਸੰਸਾ ਪੈਦਾ ਹੋ ਗਿਆ ਕਿ ਜੇ ਲਿਖਿਆ ਲੇਖ ਮਿਟਣਾ ਹੀ ਨਹੀਂ ਅਤੇ ਮੈਨੂੰ ਆਪਣੇ ਕੀਤੇ ਕਰਮਾਂ ਦੇ ਲੇਖ ਭੁਗਤਣੇ ਹੀ ਪੈਣੇ ਹਨ ਤਾਂ ਮੈਂ ਐਥੇ ਗੁਰੂ ਜੀ ਪਾਸ ਕਾਹਨੂੰ ਆਇਆ ਹਾਂ। ਚਲੋ ਚਲੀਏ, ਐਥੋਂ ਕਲ ਨੂੰ ਡੇਰੇ ਕੂਚ ਕਰੀਏ। ਇਸ ਸੰਦੇਹ-ਸੰਸੇ ਦੀ ਬਾਤ ਉਸ ਨੇ ਆਪਣੇ ਮਨ ਹੀ ਮਨ ਮਾਹਿ ਰਖੀ। ਕਿਸੇ ਨੂੰ ਜਣਾਈ ਲਖਾਈ ਦਸੀ ਨਹੀਂ।

ਪ੍ਰੰਤੂ ਗੁਰੂ ਅੰਤਰਯਾਮੀ ਘਟ ਘਟ ਦੀ ਜਾਨਣ-ਹਾਰੇ ਬੁਝ ਗਏ ਕਿ ਰਾਜਾ ਅਸ਼ਰਧਕ ਹੋ ਕੇ ਵਾਪਸ ਚਲੇ ਜਾਣ ਦੀ ਨੀਯਤ ਠਾਣ ਬੈਠਾ ਹੈ। ਉਸੇ ਵੇਲੇ ਹੀ ਗੁਰੂ ਸਾਹਿਬ ਨੇ ਰਾਜੇ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਕਲ ਨੂੰ ਜਾਣਾ ਨਹੀਂ। ਕਲ ਆਪਾਂ ਇਕੱਠੇ ਬਾਹਰ ਜੰਗਲਾਂ ਵਿਚ ਅਸ (ਘੋੜ) ਅਸਵਾਰ ਹੋ ਕੇ ਸੈਰ ਲਈ ਚਲਾਂਗੇ। ਰਾਜੇ ਨੇ ਸਤਿ ਕਰਕੇ ਗੁਰੂ ਜੀ ਦੇ ਏਸ ਹੁਕਮ ਨੂੰ ਮੰਨ ਲਿਆ।

ਏਸ ਹੁਕਮ ਨੂੰ ਮੰਨਣ ਦਾ ਸਦਕਾ ਰਾਜਾ ਅਗਲੀ ਰਾਤ ਠਹਿਰ ਗਇਆ ਤਾਂ ਰਾਤ ਨੂੰ ਕੀ ਸੁਪਨਾ ਦੇਖਦਾ ਹੈ ਕਿ ਉਸ ਨੇ ਚੰਡਾਲਾਂ ਦੇ ਘਰ ਜਨਮ ਲਿਆ ਹੈ। ਜਨਮ ਲੈ ਕੇ ਉਹ ਚੰਡਾਲਾਂ ਦੇ ਘਰ ਹੀ ਪਾਲਿਆ ਪੋਸਿਆ ਗਿਆ ਤੇ ਗਭਰੂ ਹੋ ਗਿਆ। ਗਭਰੂ ਹੋਏ ਤੇ ਚੜ੍ਹਦੀ ਜਵਾਨੀ ਵਿਚ ਹੀ ਉਸ ਦੀ ਸ਼ਾਦੀ ਹੋ ਗਈ ਤੇ ਉਸ ਦੇ ਘਰ ਸੰਤਾਨ ਭੀ ਘਣੀ ਉਤਪੰਨ ਹੋਈ। ਪੁਤਾਂ, ਪੋਤਰਿਆਂ, ਧੀਆਂ, ਦੋਹਤ੍ਰੇ, ਦੋਹਤ੍ਰੀਆਂ ਵਾਲਾ ਹੋ ਗਇਆ ਤੇ ਬਿਰਧ ਭਇਆ। ਅਤੇ ਬਿਰਧ ਬੁੱਢੇ ਭਏ ਤੋਂ ਉਹ ਮਰ ਮੁੱਕ ਭੀ ਗਇਆ। ਮਰੇ ਤੋਂ ਜਦੋਂ ਚੰਡਾਲਾਂ ਦੀ ਰੀਤੀ ਅਨੁਸਾਰ ਉਸ ਨੂੰ ਮਰਘਟ ਕਬਰਸਤਾਨ ਵਿਚ ਲਿਜਾ ਕੇ ਦਬਾਉਣ ਲਗੇ ਤਾਂ ਉਸ ਦੀ (ਰਾਜੇ ਦੀ) ਜਾਗ ਖੁਲ੍ਹ ਗਈ। ਬੜਾ ਹੈਰਾਨ ਪਰੇਸ਼ਾਨ ਹੋਇਆ। ਸੁਪਨਾ ਕੀ ਸੀ, ਪਰਤੱਖ ਜੀਵਣ ਮਰਣ ਦਾ ਹੱਡ-ਬੀਤਿਆ ਚਮਤਕਾਰਾ ਸੀ। ਜਾਗੇ ਤੋਂ ਭੀ ਉਕਤ ਸੁਪਨਾ ਉਸ ਦੀਆਂ ਅੱਖਾਂ ਤੋਂ ਉਹਲੇ ਨਾ ਹੋਵੇ। ਮੁੜਿ ਮੁੜਿ ਸੁਪਨੇ ਵਿਚ ਸਹੇੜੀਆਂ ਸਪੁਤ੍ਰ-ਸਪੁਤ੍ਰੀਆਂ ਦੀ ਮੋਹ-ਮਮਤਾ ਉਸ ਨੂੰ ਟੁੰਬੇ। ਨਿਮੋਝੂਣਾ ਹੋਇਆ ਨੀਵੀਂ ਪਾਇ ਕੈ ਇਹੀ ਸੋਚਾਂ ਸੋਚਦੇ ਨੂੰ ਖਾਸਾ ਦਿਨ ਚੜ੍ਹ ਆਇਆ।

ਏਤਨੇ ਨੂੰ ਸਤਿਗੁਰੂ ਦੇ ਮੇਵੜੇ ਵਲੋਂ ਉਸ ਨੂੰ ਅਵਾਜ਼ ਪੈ ਗਈ। ਚਲੋ, ਤਿਆਰ ਹੋ ਜਾਓ; ਅਸਵ ਸਵਾਰ ਹੋ ਕੇ ਸਤਿਗੁਰੂ ਦੇ ਸੰਗਿ ਸਾਥ ਬਾਹਰ ਜੰਗਲਾਂ ਵਿਚ ਸੈਰ-ਸਿਹਾਅਤ ਲਈ ਕਮਰਕਸੇ ਕਰ ਲਓ। ਗੱਲ ਕੀ, ਸਤਿਗੁਰੂ ਸਾਹਿਬ ਆਪਣੀਆਂ ਲਾਡਲੀਆਂ ਫ਼ੌਜਾਂ ਸਮੇਤ ਉਸ ਨੂੰ (ਰਾਜੇ ਨੂੰ) ਬਾਹਰ ਅਣੋਖੀ ਅਖੇਰ ਬਿਰਤ ਲਈ ਲੈ ਗਏ। ਪਰ ਰਾਜਾ ਉਹੀ ਰਾਤ ਦੇ ਸੁਪਨੇ ਦੀਆਂ ਹੈਰਾਨ-ਕੁੰਨ ਸੋਚਾਂ ਸੋਚਦਾ ਘੋੜ-ਸਵਾਰ ਹੋਇਆ ਸਤਿਗੁਰੂ ਦੇ ਨਾਲ ਚਲਿਆ ਜਾ ਰਿਹਾ ਹੈ। ਕਉਤਕੀ ਸਤਿਗੁਰੂ ਨੇ ਐਸਾ ਕਉਤਕੀ ਹੁਕਮ ਚੜ੍ਹਾਇਆ ਕਿ ਹੇ ਰਾਜਨ! ਔਹ ਦੇਖੋ, ਇਕ ਹੀਰਾ ਹਿਰਨ ਚਉਕੜੀਆਂ ਭਰਦਾ ਚਲਿਆ ਆਉਂਦਾ ਹੈ। ਜੀਹਦੇ ਅਗੇ ਦੀ ਇਹ ਨਿਕਲੇਗਾ ਉਹੀ ਉਸ ਦਾ ਪਿਛਾ ਕਰੇਗਾ ਅਤੇ ਮੋਹਰੀ ਬਣ ਕੇ ਉਸ ਨੂੰ ਜੈ ਕਰੇਗਾ। ਦੂਜਾ ਕੋਈ ਉਸ ਦੇ ਨਾਲ ਪਿਛੇ ਜਾਵੇ ਯਾ ਨਾ ਜਾਵੇ। ਭਾਵੀ ਐਸੀ ਹੋਈ ਕਿ ਉਹ ਮਿਰਗ (ਹਿਰਨ) ਰਾਜੇ ਦੇ ਅਗੋਂ ਹੀ ਨਿਕਲਿਆ।

ਰਾਜਾ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਘੋੜਾ ਦੌੜਾਇ ਕੈ ਉਸ ਹਿਰਨ ਦੇ ਪਿਛੇ ਹੋਇਆ। ਸਤਿਗੁਰੂ ਕਉਤਕਹਾਰੇ ਆਪਣੀਆਂ ਫ਼ੌਜਾਂ ਨੂੰ ਇਸ਼ਾਰੇ ਦੇ ਕੇ ਕੁਛ ਵਿਥ ਤੇ ਪਿਛੇ ਰਹਿ ਗਏ। ਰਾਜੇ ਇਕੱਲੇ ਨੂੰ ਹੀ ਹਿਰਨ ਦੇ ਪਿਛੇ ਜਾਣ ਦਿਤਾ। ਹਿਰਨ ਬੜੀ ਤੇਜ਼ੀ ਨਾਲ ਚੌਂਕੜੀਆਂ ਭਰਦਾ ਰਾਜੇ ਦੇ ਮੂਹਰੇ ਮੂਹਰੇ ਦੌੜਦਾ ਕੁਦਦਾ ਹੋਇਆ ਕਈਆਂ ਜੰਗਲਾਂ ਬੇਲਿਆਂ ਨੂੰ ਚੀਰਦਾ ਇਕ ਸੁੰਨਸਾਨ ਵਾਦੀ ਵਿਚ ਜਾ ਕੇ ਅਲੋਪ ਹੋ ਗਿਆ। ਰਾਜਾ ਹੱਥ ਮਲਦਾ ਹੀ ਰਹਿ ਗਿਆ। ਉਸ ਨੂੰ ਪਿਆਸ ਡਾਢੀ ਲੱਗੀ ਹੋਈ ਸੀ। ਪਾਣੀ ਦੀ ਤਲਾਸ਼ ਵਿਚ ਕਿਸੇ ਪਿੰਡ ਗ੍ਰਾਉਂ ਦੀ ਸੂੰਹ ਸੁੰਧਕ ਲੈਣ ਲਗਾ। ਇਕੱਲਾ ਹੀ ਸੀ, ਆਪਣੇ ਘੋੜੇ ਸਮੇਤ, ਹੋਰ ਕੋਈ ਉਸ ਦੇ ਨਾਲ ਨਹੀਂ ਸੀ। ਦੇਵਨੇਤ ਨਾਲ ਥੋੜੀ ਦੂਰ ਦੇ ਫ਼ਾਸਲੇ ਤੇ ਹੀ ਉਸ ਨੇ ਇਕ ਗ੍ਰਾਮ ਦੇਖਿਆ।



www.AKJ.Org

ਦੇਖਦਾ ਕੀ ਹੈ ਕਿ ਗ੍ਰਾਮ ਦੇ ਬਹੁਤ ਸਾਰੇ ਲੋਗ ਪਿੰਡੋਂ ਬਾਹਰਵਾਰ ਜਮ੍ਹਾ ਹੋਏ ਵੇ ਹਨ । ਉਹ ਜਮਘਟੇ ਵਲ ਹੋ ਲਿਆ । ਉਥੇ ਜਾ ਕੇ ਕੀ ਦੇਖਦਾ ਹੈ ਕਿ ਉਹੀ ਮਰਘਟ ਅਸਥਾਨ ਕਬਰਸਤਾਨ ਹੈ । ਉਸੇ ਪਿੰਡ ਦਾ ਹੈ, ਜਿਥੇ ਜਨਮ ਲੈ ਕੇ ਉਸ ਨੇ ਚੰਡਾਲ ਦੇ ਘਰ ਸਾਰਾ ਜੀਵਨ ਬਤੀਤ ਕੀਤਾ ਸੀ । ਉਹੀ ਪਿੰਡ ਦੇ ਲੋਗ ਹਨ । ਉਹੀ ਉਸ ਦਾ ਪਰਵਾਰ ਹੈ । ਪੁਤ ਪੋਤੇ ਇਸਤ੍ਰੀ ਆਦਿਕ ਭੀ ਉਹੀ ਹਨ । ਓਹਨਾਂ ਨੂੰ ਦੇਖ ਕੇ ਸ਼ਰਮਸਾਰ ਹੋਇਆ । ਉਹ ਪਿਛਾਹਾਂ ਮੁੜਨ ਹੀ ਲੱਗਾ ਸੀ ਕਿ ਝਟ ਅਗੇ ਵਧ ਕੇ ਉਸ ਦੇ ਕੁਟੰਬੀਆਂ ਨੇ ਉਸ ਦੇ ਪੱਲੇ ਜਾ ਫੜੇ । ਅਤੇ ਘੋੜੇ ਦੀਆਂ ਲਗਾਮਾਂ ਨੂੰ ਰੋਕ ਲਿਆ । ਸਾਰੇ ਉਸ ਨੂੰ ਚਿੰਮੜ ਗਏ । ਮੋਹ ਦੀਆਂ ਲਿਲਕਾਂ ਮਾਰ ਕੇ ਚਿੰਮੜੇ । ਹੁਣ ਅਸੀਂ ਨਹੀਂ ਜਾਣ ਦਿੰਦੇ । ਰਾਜਾ ਹੈਰਾਨੀ ਪਰਸ਼ਾਨੀ ਦੇ ਸਮੁੰਦਰ ਵਿਚ ਅਤੇ ਲੱਜਾ ਵਿਚ ਤ੍ਰਿਬੁਡ ਹੋਇਆ ਸੋਚਣ ਲਗਾ । ਸਚਮੁੱਚ ਉਹੀ ਟੱਬਰ-ਟੀਹਰ ਹੈ ਜਿਸ ਵਿਚ ਰਹਿ ਸਹਿ ਕੇ ਮੈਂ ਸਾਰਾ ਜਨਮ ਏਹਨਾਂ ਚੰਡਾਲਾਂ ਦੇ ਘਰ ਬਤੀਤ ਕੀਤਾ ਹੈ । ਇਸ ਵਿਚ ਕੋਈ ਭੀ ਸੰਦੇਹ ਨਹੀਂ । ਸਾਰਿਆਂ ਨੂੰ ਮੈਂ ਜਾਣਦਾ ਹਾਂ । ਸਾਰੇ ਮੈਨੂੰ ਜਾਣਦੇ ਹਨ । ਪੱਲਾ ਛੁਡਾਵਾਂ ਤੇ ਕਿਵੇਂ ਛੁਡਾਵਾਂ । ਛੁਡਾ ਭੀ ਨਹੀਂ ਹੁੰਦਾ । ਪਰ ਉਹਨਾਂ ਨੂੰ ਅਪਣਾਉਂਦਾ ਭੀ ਸ਼ਰਮਾਉਂਦਾ ਹੈ । ਜਿਉਂ ਜਿਉਂ ਲਾਡ ਪਿਆਰ ਨਾਲ ਉਸ ਦਾ ਬਾਲ-ਬੱਚਾ ਉਸ ਨੂੰ ਚਿੰਮੜਦਾ ਹੈ ਤਿਉਂ ਤਿਉਂ ਉਹ ਬੇਬਸ ਹੋ ਹੋ ਜਾਂਦਾ ਹੈ । ਪਰ ਉਹਨਾਂ ਦੇ ਪਾਸ ਰਹਿਣ ਨੂੰ ਜੀਅ ਨਹੀਂ ਕਰਦਾ । ਫੇਰ ਆਪਣੇ ਆਪ ਨੂੰ ਇਉਂ ਹਲਾਸ਼ੇਰੀ ਦਿੰਦਾ ਹੈ ਉਹ ਤਾਂ ਸੁਪਨਾ ਹੀ ਸੀ । ਮੈਂ ਕਾਹਨੂੰ ਪਰਤੱਖ ਜਨਮ ਇਹਨਾਂ ਦੇ ਘਰ ਲਿਆ ਹੈ । ਜ਼ਰਾ ਦਿਲ ਕਰਾਰਾ ਕਰ ਕੇ ਆਖਦਾ ਹੈ ਕਿ ਤੁਸੀਂ ਮੇਰੇ ਕੁਛ ਨਹੀਂ ਲਗਦੇ । ਤੁਸੀਂ ਮੈਨੂੰ ਕਿਉਂ ਚਿਮੜਦੇ ਹੋ ? ਓਹਨਾਂ ਆਖਿਆ, ਤੂੰ ਮਰ ਗਿਆ ਸੀ । ਅਸੀਂ ਰੋਂਦਿਆਂ ਕੁਰਲਾਂਦਿਆਂ ਨੇ ਤੈਨੂੰ ਦੱਬ ਦਿਤਾ । ਤੂੰ ਕਬਰ ਵਿਚੋਂ ਨਿਕਲ ਕੇ ਕਿਤੋਂ ਚੰਗੇ ਚੰਗੇ ਬਸਤਰ ਤੇ ਘੋੜਾ ਪਾਖਰ ਜ਼ੀਨ ਕਿਤੋਂ ਲੈ ਆਇਆ ਹੈਂ ਤੇ ਸਾਨੂੰ ਪਿਦਾਉਂਦਾ ਤੇ ਭੁਚਲਾਉਂਦਾ ਹੈਂ । ਹੁਣ ਤੈਨੂੰ ਅਸੀਂ ਜਾਣ ਦਿੰਦੇ ਹਾਂ ? ਗੱਲ ਕੀ, ਪਰਸਪਰ ਤਕੜਾ ਤਕਰਾਰ ਹੋ ਪਿਆ । ਸਾਰਾ ਪਿੰਡ ਹੋਰ ਭੀ ਇਕੱਠਾ ਹੋ ਗਿਆ । ਸਾਰੇ ਹੀ ਏਹੋ ਸ਼ਾਹਦੀ ਭਰਨ, ਕੁਟੰਬੀਆਂ ਦੇ ਹੱਕ ਵਿਚ । ਰਾਜਾ ਭੀ ਸਾਰੇ ਪਿੰਡ ਦਿਆਂ ਆਦਮੀਆਂ ਤੇ ਤੀਵੀਆਂ ਨੂੰ ਜਾਣੇ ਪਛਾਣੇ ਅਤੇ ਪਿੰਡ ਦੇ ਮਰਦ ਇਸਤ੍ਰੀ ਭੀ ਉਸ ਨੂੰ ਜਾਨਣ ਪਛਾਨਣ । ਬੜਾ ਘਬਰਾਇਆ, ਬੜੀ ਅੜਿਚਣ ਵਿਚ ਉਸ ਦੀ ਜਾਨ ਪੈ ਗਈ । ਪੱਲਾ ਛੁਡਾਉਣਾ ਦੁਭਰ ਹੋ ਗਇਆ ।

ਏਸੇ ਘਬਰਾਹਟ ਵਿਚ ਇਕ-ਮਨ ਇਕ-ਚਿਤ ਹੋ ਕੇ ਗੁਰੂ ਸਾਹਿਬ ਦਾ ਧਿਆਨ ਧਰਿਆ ਅਤੇ ਬੇਨਤੀ ਕੀਤੀ, "ਹੇ ਸਤਿਗੁਰੂ, ਇਸ ਭੀੜੀ ਬਣੀ ਅਉਝੜ ਤੋਂ ਆ ਕੇ ਹੁਣ ਤੁਸੀਂ ਹੀ ਛੁਡਾ ਸਕਦੇ ਹੋ । ਬਹੁੜੋ ਤੇ ਫੰਦ ਪਰਾਨ ਮੋਕਲੇ ਕਰਾਉ । ਛੁਡਾਉ ਜੀ, ਆ ਕੇ ਛੁਡਾਉ ।"

ਕਉਤਕਹਾਰ ਸਤਿਗੁਰੂ ਇਕ ਛਿਨ ਵਿਚ ਆਇ ਆਸ਼ਕਾਰ (ਪਰਗਟ) ਹੋਏ । ਰਾਜੇ ਦੀ ਘਬਰਾਹਟ ਨੂੰ ਅਤੇ ਜਿਸ ਹਾਲਤ ਵਿਚ ਉਹ ਖੜਾ ਸੀ, ਦੇਖ ਕੇ ਮੁਸਕਰਾਏ । ਲੋਕਾਂ ਨੂੰ ਤੇ ਇਕੱਠੇ ਹੋਏ ਚੰਡਾਲ-ਪਰਵਾਰ ਨੂੰ ਸਨਮੁਖ ਹੋ ਕੇ ਆਖਣ ਲਗੇ ਕਿ ਕਿਸ ਗੱਲ ਦਾ ਝਗੜਾ ਹੈ । ਹਾਜ਼ਰੀਨ ਨੇ ਇਸ ਘਟਨਾ ਵਾਲਾ ਬਿਰਤਾਂਤ ਸਤਿਗੁਰੂ ਦੀ ਹਜ਼ੂਰੀ ਵਿਚ ਵਿਸਥਾਰ ਸਹਿਤ ਦਸਿਆ । ਓੜਕ ਆਖਿਆ ਕਿ ਇਹ ਕਬਰ ਵਿਚੋਂ ਨਿਕਲ ਕੇ ਸਾਨੂੰ ਸਾਰਿਆਂ ਨੂੰ ਤਲਾਕ ਦੇਈ ਨਸਿਆ ਜਾਂਦਾ ਹੈ । ਅਸੀਂ ਇਸ ਨੂੰ ਨਹੀਂ ਜਾਣ ਦੇਣਾ, ਪਰ ਨਹੀਂ ਜਾਣ ਦੇਣਾ । ਤੁਸੀਂ ਅਵਤਾਰੀ ਮਹਾਂਪੁਰਸ਼ ਹੋ । ਸਾਡਾ ਨਿਆਉਂ ਨਿਬੇੜੋ । ਗੁਰੂ ਸਾਹਿਬ ਨੇ ਫ਼ੁਰਮਾਇਆ ਕਿ "ਇਕੋ ਗੱਲ ਨਿਆਉਂ ਨਿਬੇੜਨ ਦੀ ਹੈ । ਜੇ ਤੁਸਾਨੂੰ ਮਨਜ਼ੂਰ ਹੈ ਤਾਂ ਆਖਾਂ ?" "ਭਲਾ ਜੀ ਭਲਾ !" ਸਤਿਗੁਰੂ ਫ਼ੁਰਮਾਉਣ ਲਗੇ ਕਿ ਤੁਸੀਂ ਕਬਰ ਪੁੱਟ ਕੇ ਦੇਖੋ । ਜੇ ਤਾਂ ਉਸ ਕਬਰ ਵਿਚ ਇਹ ਹੈ ਨਹੀਂ, ਕਬਰ ਖ਼ਾਲੀ ਪਈ ਹੈ ਤਾਂ ਤੁਸੀਂ ਇਸ ਨੂੰ ਨਿਸੰਗ ਫੜ ਲਵੋ । ਪਰ ਜੇ ਮੋਈ ਹੋਈ ਲੋਥ ਉਹੀ ਇਸ ਕਬਰ ਵਿਚ ਪਈ ਹੈ ਤਾਂ ਇਸ ਨੂੰ ਛਡ

[ਬਾਕੀ ਦੇਖੋ ਸਫ਼ਾ ੬ ਦੇ ਹੇਠ



www.AKJ.Org

# ਗੁਰੂ ਪੰਚਮ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਅਰਜਨ ਦੇਵ

ਜੀ ਦੀ

# ਨਿਸ਼ਕਾਮ ਸ਼ਹੀਦੀ

[ ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਅਨੇਕਾਂ ਸ਼ਹੀਦੀਆਂ ਹੁੰਦੀਆਂ ਰਹੀਆਂ ਤੇ ਅਗਲੇ ਜੁਗਾਂ ਵਿਚ ਅਨੇਕ ਸ਼ਹੀਦੀਆਂ ਹੋਣਗੀਆਂ, ਪ੍ਰੰਤੂ ਗੁਰੂ ਅਰਜਨ ਸਾਹਿਬ ਜੀ ਦੀ ਨਿਸ਼ਕਾਮ ਭਗਤੀ ਦੇ ਮੁਕਾਬਲੇ ਵਿਚ ਇਹ ਸਭ ਹੇਚ ਹਨ ਅਤੇ ਹੇਚ ਹੀ ਰਹਿਣਗੀਆਂ । ਗੁਰੂ ਅਰਜਨ ਸਾਹਿਬ ਜੀ ਨੇ ਨਿਸ਼ਕਾਮ ਸ਼ਹੀਦੀ ਦੇ ਜੋ ਪੂਰਨੇ ਪਾਏ ਹਨ, ਉਹ ਸਚ ਮੁਚ ਅਦੁੱਤੀ ਹਨ । ਇਤਿਹਾਸਕਾਰਾਂ ਦੀਆਂ ਇਹ ਇਤਿਹਾਸ-ਕਾਰੀਆਂ ਬਿਲਕੁਲ ਗ਼ਲਤ ਹਨ ਕਿ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਕਿਸੇ ਪ੍ਰਕਾਰ ਦੇ ਸ੍ਵਾਰਥੀ ਮਨੋਰਥ ਲਈ ਇਹ ਸ਼ਹੀਦੀ ਦਾ ਰਮਜ਼ ਮਾਤ੍ਰ ਬੀੜਾ ਚੁਕਿਆ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਨਿਰੋਲ ਪ੍ਰਮਾਰਥ ਅਤੇ ਪ੍ਰਮਾਰਥੀ ਕਾਜ਼ ਲਈ ਹੀ ਇਹ ਪੂਰਨੇ ਪਾਏ । ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਸ ਵਕਤ ਦੇ ਦੁਨਿਆਵੀ ਬਾਦਸ਼ਾਹ ਅਗੇ ਰੰਚਕ ਮਾਤ੍ਰ ਭੀ ਕਾਣ-ਕਣੌਡੀ ਕਾਂਪ ਨਹੀਂ ਖਾਧੀ । ਜੇਕਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਰਾਮ ਰਾਏ ਦੀ ਨਿਆਂਈ ਅਮਰੀ ਅਜ਼ਲੀ ਗੁਰੂ ਬਾਣੀ ਨੂੰ ਉਲਟਾ ਦੇਣ ਲਈ ਤਿਆਰ ਹੋ ਜਾਂਦੇ ਤਾਂ ਉਨ੍ਹਾਂ ਦੇ ਉਪਰ ਅਨੇਕ ਪ੍ਰਕਾਰੀ ਦੁਨਿਆਵੀ ਨਿਆਮਤਾਂ ਵਰਸਦੀਆਂ । ਪ੍ਰੰਤੂ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਸਚੇ ਸ਼ਹੀਦਾਂ ਦੇ ਸਿਰਤਾਜ, ਉਨ੍ਹਾਂ ਨੇ ਬਪੜੀਆਂ ਮਾਇਕ ਸਿਕਦਾਰੀਆਂ ਦੀ ਭੋਰਾ ਮਾਤ੍ਰ ਭੀ ਪ੍ਰਵਾਹ ਨਹੀਂ ਕੀਤੀ ਅਤੇ ਆਪਣੇ ਸਚੇ ਸ਼ਹੀਦੀ ਮਿਸ਼ਨ ਤੇ ਡਟੇ ਰਹੇ । ਸਚਮੁਚ ਸਚੇ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਇਹ ਪੂਰਨੇ ਜੋ ਸਚੀ ਸ਼ਹੀਦੀ ਦੇ ਪਾਏ, ਉਹ ਅਸਾਂ ਲਰਜ਼ਸ਼ ਖਾਂਦਿਆਂ ਗੁਰਸਿਖਾਂ ਦੇ ਸਿਦਕ ਭਰੋਸੇ ਨੂੰ ਕਾਇਮ ਰਖਣ ਲਈ ਪਾਏ। ਵਕਤ ਦੇ ਨਾਦਰ ਗਰਦ ਬਾਦਸ਼ਾਹ ਨੇ ਅਨੇਕਾਂ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰ-ਵਾਕਾਂ ਨੂੰ ਪਲਟਾਉਣ ਲਈ ਗੁਰੂ ਸਾਹਿਬ ਅਗੇ ਦਰਖ਼ਾਸਤ ਕੀਤੀ । ਪ੍ਰੰਤੂ ਧੰਨ ਗੁਰੂ ਅਰਜਨ ਸਾਹਿਬ, ਕਿ ਉਨ੍ਹਾਂ ਨੇ ਅਨੇਕ ਬਾਰਨੀ ਦਰਖ਼ਾਸਤ ਨੂੰ ਹਰ ਬਾਰ ਰਦੀ ਦੀ ਟੋਕਰੀ ਵਿਚ ਹੀ ਸੁਟ ਪਾਇਆ । ਇਤਿਹਾਸਕਾਰਾਂ ਦੀ ਇਹ ਬਾਤ ਭੀ ਗ਼ਲਤ ਹੈ ਕਿ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਖ਼ੁਦ ਬੁਰਛਾ ਗਰਦ ਬਾਦਸ਼ਾਹਾਂ ਦੇ ਪਾਸ ਲੈ ਕੇ ਪਹੁੰਚੇ । ਬਲਕਿ ਇਹ ਵਾਰਤਾ ਐਨ ਗੁਰਮਤਿ ਅਨੁਸਾਰ ਢੁਕਦੀ ਹੈ ਤੇ ਸਚਾਈ ਦੀ ਕਸੌਟੀ ਉਤੇ ਪਰਖੀ ਜਾ ਕੇ ਠੀਕ ਉਤਰਦੀ ਹੈ ਕਿ ਜਹਾਂਗੀਰ ਜੈਸੇ ਉਚ ਦੁਨਿਆਵੀ ਬਾਦਸ਼ਾਹ ਖ਼ੁਦ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਏ । ਗੁਰੂ ਕੀ ਨਗਰੀ ਵਿਖੇ ਆ ਕੇ ਹੀ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਗੁਰਬਾਣੀ ਦਾ ਮੁਲਾਹਿਜ਼ਾ ਅਤੇ ਮੁਆਇਨਾ ਕੀਤਾ ਅਤੇ ਬਿਲਕੁਲ ਕਸੇ ਨਿਕਲੇ ਅਤੇ ਆਪਣੇ ਜੈਸਾ ਮੂੰਹ ਲੈ ਕੇ ਹੀ ਵਾਪਸ ਚਲੇ ਗਏ। ਇਸ ਹੋਈ ਹਤਕ ਨੂੰ ਮਹਿਸੂਸ ਕਰ ਕੇ ਅਤਿਆਚਾਰੀ ਦੁਨਿਆਵੀ ਬਾਦਸ਼ਾਹ ਨੇ ਅਨੇਕ ਪ੍ਰਕਾਰੀ ਤਨ-ਤਸੀਹੇ ਦੇਣ ਲਈ ਆਪਣੇ ਮੁਤਅਸਬੀ ਤੇ ਸ਼ਰਾਰਤੀ ਦੀਵਾਨ ਚੰਦੂ ਮਲ ਨੂੰ ਪ੍ਰੇਰਿਆ । ਉਸ ਕੁੜਾਵੇ ਚੰਦੂ ਨੇ ਆਪਣੀ ਕਿਸ ਕਢਣ ਲਈ ਇਹ ਨਾਦਰ ਮੌਕਾ ਸਮਝਿਆ ਕਿ ਜਿਤਨੇ ਭੀ ਤਨ-ਤਸੀਹੇ ਗੁਰੂ ਸਾਹਿਬ ਜੀ ਨੂੰ ਦਿਤੇ ਜਾਣ ਉਨੇ ਹੀ ਉਸ ਦੇ ਮਨ ਹੀ ਖਾਰ ਕਢਣ ਲਈ ਕਾਫ਼ੀ ਹੋਣਗੇ । ਇਹ ਬਾਤ ਬਿਲਕੁਲ ਗ਼ਲਤ ਹੈ ਕਿ ਚੰਦੂ ਨੇ ਆਪਣੀ ਹੀ ਨਿਜ ਖਾਰ ਕਢਣ ਲਈ ਗੁਰੂ ਸਾਹਿਬ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਜੀ ਉਪਰ ਇਹ ਵਾਰ ਕੀਤੇ । ਜੋ ਕੁਛ ਹੋਇਆ ਸੋ ਉਸ ਸਮੇਂ ਦੇ ਨਾਦਰਗਰਦ ਬਾਦਸ਼ਾਹ ਜਹਾਂਗੀਰ ਦੇ ਇਸ਼ਾਰੇ ਨਾਲ ਹੋਇਆ । ਗੁਰੂ ਸਾਹਿਬ ਉਪਰ ਵਕਤ

[ਬਾਕੀ ਦੇਖੋ ਸਫ਼ਾ ੭ ਦੇ ਹੇਠ



www.AKJ.Org

# ਮੀਆਂ ਮੀਰ ਤੇ ਗੁਰੂ ਅਰਜਨ ਦੇਵ

[ ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਮੀਆਂ ਮੀਰ ਫਕੀਰੁ ਗੁਰ ਸਿਦਕ ਪ੍ਰੇਮੀ,
ਡਿਠਾ ਮੋਅਜਜ਼ਾ ਵਡ ਮੋਅਜਜ਼ੋਲਿਆਂ ਦਾ।

ਹਥ ਜੋੜਿ ਕੇ ਪੁਛਿਆ ਗੁਰਾਂ ਪਾਸੋਂ, ਸੁਖ਼ਨ ਗੁੱਝੜੇ ਰਾਜ਼ ਨਿਆਜ਼ੋਲਿਆਂ ਦਾ।
ਹੇ ! ਗੁਰ, ਪੀਰ, ਵਲੀ ਉਲਿਆਇ ਪੂਰੇ, ਕ੍ਰਿਸ਼ਮ ਕਸ਼ੱਫੀ ਤੂੰ ਅਜ਼ਮਤੋਲਿਆਂ ਦਾ।
ਏਡੇ ਦੁਖ ਤਸੀਹੜੇ ਕਾਹਿ ਝਲੇਂ, ਗਾਰਤ ਕਰੋ ਇਹ ਰਾਜ ਦੁਸ਼ਟੋਲਿਆਂ ਦਾ।
ਸਰਬ ਕਲਾ ਸਮਰੱਥ ਤੂੰ ਕਲਾਧਾਰੀ, ਵਡੂ ਪਰਤਾਪੁ ਤੇਰੇ ਕਲਾਮੋਲਿਆਂ ਦਾ।੨੨੧।

ਕਲਮੇ ਤੇਰੇ ਦੀ ਕੀ ਬਾਤਿ ਆਖਾਂ, ਬਲੁ ਵਿਡਾਣ ਤਉ ਸਿਖ ਬਚਨੋਲਿਆਂ ਦਾ।
ਅਧਮ ਸਿਖ ਭੀ ਤੇਰੜੇ ਬਚਨ-ਬਲੀਏ, ਮੈਂ ਭੀ ਨਦਰ ਪਾਤ੍ਰ ਜਨਾਬੋਲਿਆਂ ਦਾ।
ਕਰੋ ਹੁਕਮ ਗ਼ੁਲਾਮ ਨੂੰ ਇਕ ਵਾਰੀ, ਤਖ਼ਤਾ ਉਲਟ ਦੇਵਾਂ ਜ਼ਾਲਮੋਲਿਆਂ ਦਾ।
ਗੁਰਾਂ ਆਖਿਆ ਹੱਸ ਕੇ ਸਾਈਂ ਲੋਕਾ, ਅਸਾਂ ਪਾਲਣਾ ਹੁਕਮ ਧੁਰੋਲਿਆਂ ਦਾ।੨੨੨।

ਭਾਂਡਾ ਭੰਨਣਾ ਸੀਸ ਦਿਲੀਸੀਆਂ ਦੇ, ਭਾਣਾ ਮੰਨਿ ਰਜ਼ਾਇ ਰਜ਼ੋਲਿਆਂ ਦਾ।
ਚੋਲਾ ਛਡਿ ਦੇਣਾ ਹੱਡ ਚੰਮ ਕੇਰਾ, ਆਇਆ ਸੱਦ ਪਿਆਨ ਪੀਓਲਿਆਂ ਦਾ।
ਕਰਾਮਾਤ ਕਹਿਰ ਜ਼ਹਿਰ, ਕੁਫ਼ਰ ਅਜ਼ਮਤ, ਭਾਣਾ ਅਤਿ ਮਿੱਠਾ ਏਜ਼ਦੋਲਿਆਂ ਦਾ।
ਭਾਣੇ ਤੁੱਲ ਦੂਜੀ ਕੋਈ ਦਾਤਿ ਨਾਹੀਂ, ਭਾਣਾ ਅੱਤ ਅਮੁੱਲ ਖਸਮੋਲਿਆਂ ਦਾ।੨੨੩।

ਵੱਡੀ ਲਾਜ ਕੁਲੱਛਣੀ ਹਰਿ ਜਨਾਂ ਨੂੰ, ਹੈ ਕੁਕਾਜ ਨਾਟਕ ਚੇਟਕੋਲਿਆਂ ਦਾ।
ਸਾਨੂੰ ਯਾਰ ਸਾਈਂ ਵਾਲੀ ਕਾਰ ਚੰਗੀ, ਚੰਗਾ ਹੁਕਮ ਕਰਤਾਰ ਦਰੋਲਿਆਂ ਦਾ।
ਸਚ-ਖੰਡ ਦਰਬਾਰ ਦਰਸਾਰੁ ਚੰਗਾ, ਚੰਗਾ ਰਹਿਣੁ ਨ ਦੂਨ ਦੁਨੀਓਲਿਆਂ ਦਾ।
ਨਿਰੰਕਾਰ੍ ਨਿਕਟਾਰ ਦੀਦਾਰ ਚੰਗਾ, ਚੰਗਾ ਰਾਜ ਨ ਛਤਰ-ਪਤੋਲਿਆਂ ਦਾ।੨੨੪।

---

[ਸਫ਼ਾ ੪ ਦੀ ਬਾਕੀ]

ਦਿਉ । ਇਸ ਫ਼ੈਸਲੇ ਨੂੰ ਸੁਣ ਕੇ ਸਾਰੇ ਬਹੁਤ ਖ਼ੁਸ਼ ਹੋਏ । ਖ਼ੁਸ਼ੀ ਨਾਲ ਜਾਮਿਆਂ ਤੋਂ ਬਾਹਰ ਹੋ ਗਏ । ਕਬਰ ਪੁਟੀ ਤਾਂ ਕਬਰ ਵਿਚ ਸਾਵੀਂ ਹੀ ਉਸ ਦੀ ਲੋਥ ਪਈ ਸੀ । ਐਨ ਇਹੋ ਜਿਹੀ ਦੇਹੀ ਤੇ ਇਹੋ ਜਿਹੀ ਸੂਰਤ। ਪਰ ਫ਼ੈਸਲੇ ਅਨੁਸਾਰ ਕਿਸੇ ਦੀ ਕੁਛ ਪੇਸ਼ ਨਾ ਗਈ। ਰਾਜੇ ਦਾ ਖਹਿੜਾ ਛੁਟਿਆ।

ਗੁਰੂ ਸਾਹਿਬ ਰਾਜੇ ਨੂੰ ਛੁਡਾਇ ਕੇ ਅਤੇ ਘੋੜੇ ਤੇ ਸਵਾਰ ਕਰਾਇ ਕੇ ਆਪਣੇ ਨਾਲ ਵਾਪਸ ਲੈ ਚਲੇ । ਰਾਹ ਵਿਚ ਜਾਂਦਿਆਂ ਰਾਜਾ ਸ਼ਰਮਾਇ ਕੇ ਪੁਛਦਾ ਹੈ, "ਸਾਹਿਬ ਜੀਉ, ਇਹ ਕੀ ਕਉਤਕ ਸੀ ?" ਸਤਿਗੁਰੂ ਫ਼ੁਰਮਾਉਣ ਲਗੇ ਕਿ ਇਹ ਤੇਰੀ ਸ਼ੰਕਾ ਦਾ ਉਤਰ ਸੀ ਜਿਸ ਕਰਕੇ ਤੂੰ ਅਸ਼ਰਧਕ ਹੋ ਚਲਿਆ ਸੀ । ਨਿਰਸੰਦੇਹ ਇਹ ਗੁਰਵਾਕ ਸੱਚ ਹੈ :—

"ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥"

ਤੇਰੇ ਪੂਰਬਲੇ ਕਰਮਾਂ ਅਨੁਸਾਰ ਤੈਂ ਚੰਡਾਲਾਂ ਦੇ ਘਰ ਜੰਮ ਕੇ ਸਾਰਾ ਜਨਮ ਅਵੱਸ਼ ਬਿਤਾਉਣਾ ਸੀ; ਪ੍ਰੰਤੂ ਗੁਰੂ ਨਾਨਕ ਦੇ ਘਰ ਨੂੰ ਇਤਨੀ ਸਮਰਥਾ ਹੈ ਕਿ ਇਕ ਰਾਤ ਵਿਚ ਹੀ ਉਹ ਸਾਰਾ ਜਨਮ ਤੈਥੋਂ ਭੁਗਤਾਇ ਦਿਤਾ, ਜੋ ਤੈਂ ਸਾਰੀ ਉਮਰ ਹੀ ਚੰਡਾਲਾਂ ਦੇ ਘਰ ਭੁਗਤਣਾ ਸੀ। ਸੂਲੀ ਦੀ ਸਜ਼ਾ ਵਾਲੀ ਅਉਲੀ ਸੂਲ ਵਿਚ ਟਾਲ ਦਿਤੀ। ['ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ



www.AKJ.Org

# ਪੰਜਵੇਂ ਪਾਤਸ਼ਾਹ ਦੇ ਪੰਜ ਮਹਾਨ ਗੁਣ

ਇਕ ਕਵੀ ਨੇ ਸੰਸਾਰ ਵਲ ਅਸਚਰਜ ਭਰੀ ਅੱਖ ਨਾਲ ਵੇਖ ਕੇ ਆਖਿਆ ਹੈ ਕਿ ਪਤਾ ਨਹੀਂ ਵਾਹਿਗੁਰੂ ਨੇ ਸੰਸਾਰ ਅੰਮ੍ਰਿਤ ਦਾ ਸਮੁੰਦਰ ਰਚਿਆ ਹੈ ਜਾਂ ਨਰਕ ਦੀ ਬੈਤਰਨੀ ਨਦੀ। ਮਾਲੂਮ ਨਹੀਂ ਇਹ ਦੁਨੀਆ ਫੁੱਲਾਂ ਦਾ ਬਾਗ ਹੈ ਜਾਂ ਭੈੜਾ ਕੰਡਿਆਲਾ ਖੇਤ ਹੈ; ਪਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਦੀਦਾਰ ਕਰ ਕੇ ਇਉਂ ਮਾਲੂਮ ਹੁੰਦਾ ਹੈ ਕਿ ਮਹਾਤਮਾ ਤੇ ਮਹਾਂ ਪੁਰਖਾਂ ਦੇ ਹੱਥ ਇਕ ਅਜਿਹੀ ਬਰਕਤ ਹੁੰਦੀ ਹੈ ਜਿਸ ਕਰਕੇ ਦੂਰੋਂ ਦੇਖਣ ਵਾਲਿਆਂ ਨੂੰ ਤਿਖੇ ਕੰਡਿਆਂ ਦੇ ਛਾਪੇ ਦਿਸਦੇ ਹਨ ਤੇ ਨੇੜੇ ਆਉਣ ਵਾਲਿਆਂ ਨੂੰ ਫੁੱਲਾਂ ਦੇ ਢੇਰ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਜੀਵਨ ਸਚ ਮੁਚ ਇਕ ਇਹੋ ਜਿਹਾ ਰੂਹਾਨੀ ਤਮਾਸ਼ੇ ਦਾ ਜੀਵਨ ਹੈ ਕਿ ਉਨਾਂ ਦੇ ਇਸ ਕਿਸਮ ਦੇ ਅਲੌਕਿਕ ਜੀਵਨ ਵਿਚੋਂ ਬੇਅੰਤ ਸ਼ਾਨਦਾਰ ਖੂਬੀਆਂ ਤੇ ਮਹਾਂ ਉਚੇ ਗੁਣ ਦਿਸਦੇ ਹਨ, ਪਰ ਮੈਂ ਅਜ ਕੇਵਲ ਉਨ੍ਹਾਂ ਦੀਆਂ ਪੰਜ ਬਰਕਤਾਂ ਵਲ ਹੀ ਧਿਆਨ ਦਿੰਦਾ ਹਾਂ। ਉਹ ਹਨ: ਤਿਆਗ, ਸ਼ਾਂਤੀ, ਦ੍ਰਿੜ੍ਹਤਾ, ਗਰੀਬੀ ਅਤੇ ਜਥੇਬੰਦੀ।

**੧. ਤਿਆਗ :—**

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੰਸਾਰ ਤੋਂ ਅਲੋਪ ਹੋ ਜਾਂਦੇ ਹਨ, ਖ਼ਜ਼ਾਨੇ ਦੀ ਮਾਇਆ ਪ੍ਰਿਥਵੀ ਚੰਦ ਦੇ ਹਵਾਲੇ ਹੈ। ਤਿਆਗ-ਪੁੰਜ ਸਤਿਗੁਰੂ ਨਹੀਂ ਚਾਹੁੰਦੇ ਕਿ ਝਗੜਾ ਛੇੜ ਕੇ ਤੇ ਘਰੋਗੀ ਕਜ਼ੀਏ ਦੀ ਉਲਝਣ ਵਿਚ ਪੈ ਕੇ ਸੰਗਤਾਂ ਦੇ ਮਨ ਕਲਪਾਏ ਜਾਣ, ਇਕ ਸੁੱਕੇ ਘਾਹ ਦੇ ਰੱਦੀ ਤੀਲੇ ਦੀ ਤਰ੍ਹਾਂ ਉਹ ਸਭ ਕੁਝ ਪ੍ਰਿਥਵੀ ਚੰਦ ਦੇ ਹਵਾਲੇ ਕਰ ਕੇ ਬੇਪ੍ਰਵਾਹੀ ਨਾਲ ਪਰੇ ਹੋ ਜਾਂਦੇ ਹਨ। ਇਥੇ ਹੀ ਬਸ ਨਹੀਂ, ਚਕ ਰਾਮਦਾਸ (ਅੰਮ੍ਰਿਤਸਰ) ਦੀ ਚੁੰਗੀ ਤੇ ਕਰਾਏ ਦੀ ਜੋ ਕੁਲ ਆਮਦਨ ਹੈ, ਉਹ ਭੀ ਮਹਾਂ ਦੇਵ ਅਤੇ ਪ੍ਰਿਥਵੀ ਚੰਦ ਜੀ ਦੇ ਹੀ ਹਵਾਲੇ ਕੀਤੀ ਜਾਂਦੀ ਹੈ, ਤਾਕਿ ਮਾਇਆ ਬਦਲੇ ਭਰਾਵਾਂ ਵਿਚ ਕੋਈ ਕਲੇਸ਼ ਨ ਉਠੇ ਤੇ ਸਵਾਰਥ ਦਾ ਬੱਦਲ ਗੁਰੂ-ਘਰ ਦੇ ਪਵਿੱਤਰ ਪਰਤਾਪ ਦੇ ਸੂਰਜ ਦੇ ਸਨਮੁਖ ਨਾ ਆਵੇ। ਬਸ ਹੁਣ ਰਹਿ ਗਈ ਸਿਖ ਸੰਗਤਾਂ ਵਲੋਂ ਆਉਣਵਾ ਲੀ ਸੇਵਾ ਪੂਜਾ। ਪ੍ਰਿਥਵੀ ਚੰਦ ਆਦਿ ਨੇ ਇਹ ਮੰਨ ਲਿਆ ਕਿ ਇਹ ਸਭ ਕੁਝ ਗੁਰੂ ਅਰਜਨ ਦੇਵ ਜੀ ਦਾ ਹੈ ਤੇ ਗੁਰੂ ਕਾ

---

[ਸਫ਼ਾ ੫ ਦੀ ਬਾਕੀ]

ਦੇ ਬਾਦਸ਼ਾਹ ਜਹਾਂਗੀਰ ਦੀ ਬਹੁਤੀ ਇਹੋ ਹੀ ਕੀਨਾ-ਦੋਜ਼ੀ ਸੀ ਕਿ ਗੁਰੂ ਸਾਹਿਬ ਜੀ ਨੇ ਉਸ ਦੀ ਮਰਜ਼ੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਗੁਰ-ਵਾਕ ਕਿਉਂ ਨ ਪਲਟ ਦਿਤੇ, ਬਸ ਏਸੇ ਕੇਵਲ ਏਸ ਖਾਰ ਦੀ ਖ਼ਾਤਰ ਗੁਰੂ ਸਾਹਿਬ ਗੁਰੂ ਅਰਜਨ ਸਾਹਿਬ ਜੀ ਨੂੰ ਤਨ-ਤਸੀਹੇ ਮਿਲੇ। ਗੁਰੂ ਸਾਹਿਬ ਸਚੇ ਪਾਤਸ਼ਾਹ ਤਾਂ ਅਗੇ ਹੀ ਇਸ ਕੂੜਾਵੇ ਸਰੀਰ ਦਾ ਠੀਕਰਾ ਕੂੜਾਵੀ ਦੁਨਿਆਵੀ ਹਵਸ-ਗਰਦਾਂ ਦੀ ਹਵਸ ਅਤੇ ਤਮਾ ਉਪਰ ਭੰਨ ਦੇਣਾ ਚਾਹੁੰਦੇ ਸਨ ਅਤੇ ਸੁਖਮਨੀ ਸਾਹਿਬ ਦੀ ਸਚੀ ਬਾਣੀ ਵਿਚ ਬ੍ਰਹਮਗਿਆਨੀ ਦੇ ਲਛਣਾਂ ਦੀ ਪਰਖ ਬਦਲੇ ਇਹ ਸਚੀ ਕੁਰਬਾਨੀ ਦੇਣਾ ਚਾਹੁੰਦੇ ਸਨ, ਜੋ ਪ੍ਰਮਾਰਥੀ ਪੁਰਸ਼ਾਂ ਲਈ ਤੁਛ ਮਾਤ੍ਰ ਹੁੰਦੀ ਹੈ। ਦੁਨਿਆਵੀ ਤਮ੍ਹਾ ਵਾਲਾ ਹਰ ਏਕ ਇਨਸਾਨ ਇਹ ਸੱਚੀ ਕੁਰਬਾਨੀ ਨਹੀਂ ਦੇ ਸਕਦਾ, ਜਦ ਤਕ ਕਿ ਉਸ ਦੇ ਰੋਮ ਰੋਮ ਅੰਦਰ ਸੱਚੀ ਸ਼ਹੀਦੀ ਦੀ ਸਪਿਰਟ ਨ ਸਮਾਈ ਹੋਵੇ। ਹੋਰ ਤਾਂ ਕੀ ਕਹਿਣਾ ਹੈ ਕਿ ਰਾਮ ਰਾਏ ਸਾਰਖੇ ਗੁਰੂ ਘਰ ਵਿਖੇ ਪਲੇ ਹੋਏ ਭੀ ਸੁਆਰਥ-ਗਰਦੀ ਦੀ ਕਾਂਪ ਖਾ ਗਏ ਤੇ ਹਮੇਸ਼ਾ ਲਈ ਗੁਰੂ-ਘਰ ਦੇ ਸਿਖਾਂ ਦੀਆਂ ਨਜ਼ਰਾਂ ਵਿਚ ਮਨਜ਼ੂਰ ਨ ਪਏ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਏਸੇ ਕਰਕੇ ਹੀ ਸੱਚੀ ਅਤੇ ਨਿਸਕਾਮ ਗਰਦਾਨੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਨੇ ਆਪਣੇ ਸਵਾਰਥੀ ਕਿਸੇ ਮਤਲਬ ਖ਼ਾਤਰ ਯਾ ਕੂੜਾਵੇ ਤਨ ਦੀ ਰਖਸ਼ਾ ਖ਼ਾਤਰ ਇਹ ਧਾਰਨਾ ਨਹੀਂ ਧਾਰੀ ਅਤੇ ਆਪਣੇ ਗੁਰੂ ਦਰਸਾਏ ਗੁਰਵਾਕਾਂ ਉਤੇ ਪਰਬਤ ਦੀ ਨਿਆਈਂ ਅਟੱਲ ਰਹੇ।



www.AKJ.Org

ਲੰਗਰ ਭੀ ਇਨ੍ਹਾਂ ਨੇ ਹੀ ਚਲਾਉਣਾ ਹੈ, ਬੇਸ਼ਕ ਭਰਾਵਾਂ ਦੇ ਤੌਰ ਪਰ ਇਹ ਡਾਢੀ ਬੇਇਨਸਾਫ਼ੀ ਸੀ ਕਿ ਆਮਦਨ ਦਾ ਇਕ ਹਿੱਸਾ ਦੇ ਕੇ ਤੇ ਪਿਛਲਾ ਸਭ ਕੁਛ ਆਪਣੇ ਕਾਬੂ ਰਖ ਕੇ ਤੇ ਲੰਗਰ ਦਾ ਸਾਰਾ ਭਾਰ ਸ੍ਰੀ ਗੁਰੂ ਮਹਾਰਾਜ ਪਰ ਪਾਇਆ ਜਾਵੇ, ਪਰ ਤਿਆਗੀ ਸਤਿਗੁਰੂ ਅਗੇ ਇਹ ਮਾਇਕ ਕੁਰਬਾਨੀ ਕੋਈ ਬਹੁਤ ਬੜੀ ਚੀਜ਼ ਨਹੀਂ ਸੀ। ਪ੍ਰਿਥਵੀ ਚੰਦ ਇਸ ਤੋਂ ਭੀ ਅਗੇ ਵਧਿਆ, ਉਸ ਨੇ ਆਪਣੇ ਏਜੰਟ ਛਡ ਕੇ ਸਧਾਰਨ ਸੰਗਤਾਂ ਨੂੰ ਧੋਖਾ ਦੇਣਾ ਅਰੰਭ ਦਿਤਾ ਕਿ ਗੁਰੂ ਅਸਲ ਵਿਚ ਪ੍ਰਿਥਵੀ ਚੰਦ ਜੀ ਹੀ ਹਨ। ਇਸ ਲਈ ਸੰਗਤਾਂ ਦੀ ਸੇਵਾ ਪੂਜਾ ਭੀ ਨਾਮ ਮਾਤ੍ਰ ਹੀ ਰਹਿ ਗਈ। ਲੰਗਰ ਵਿਚ ਰਸਦ ਥੋੜੀ ਹੈ, ਚਣਿਆਂ ਦੇ ਇਕ ਇਕ ਪ੍ਰਸ਼ਾਦੇ ਤੇ ਠੰਢੇ ਪਾਣੀ ਨਾਲ ਗੁਜ਼ਾਰਾ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੇ ਹੋਰ ਪਰੇਮੀ ਕੁਲ ਵਾਣ ਵਟਣ ਆਦਿ ਦੀ ਹਥੀਂ ਕ੍ਰਿਤ ਕਰ ਕੇ ਲੰਗਰ ਦੀ ਸੇਵਾ ਨਿਭਾਈ ਜਾਂਦੇ ਹਨ। ਮਾਤਾ ਭਾਨੀ ਜੀ ਤੇ ਹੋਰ ਸਿਆਣੇ ਬਜ਼ੁਰਗ ਇਸ ਕਰੜੀ ਤੇ ਤਿਖੀ ਬੇਇਨਸਾਫ਼ੀ ਨੂੰ ਦੇਖ ਕੇ ਦਿਲੋਂ ਘਾਬਰ ਰਹੇ ਹਨ, ਪਰ ਰੂਹਾਨੀ ਮੌਜ ਵਿਚ ਬੇਪਰਵਾਹ ਤੇ ਤਿਆਗੀਆਂ ਦੇ ਸ਼ਹਿਨਸ਼ਾਹ

"ਤੈਸਾ ਸੁਵਰਨੁ ਤੈਸੀ ਉਸ ਮਾਟੀ ॥"

[ਸੁਖਮਨੀ ਸਾਹਿਬ ਅਸਟਪਦੀ ੯, ੭

ਦੀ ਧੁਨ ਵਿਚ ਅਨੰਦ ਹਨ। ਪਾਠਕ ਜੀ! ਪੂਰਨ ਬ੍ਰਹਮ ਗਿਆਨੀ ਕਮਲਾ ਨਹੀਂ ਹੁੰਦਾ ਕਿ ਉਹ ਮਿਟੀ ਅਤੇ ਸੋਨੇ ਦੀ ਕੀਮਤ ਵਿਚ ਫ਼ਰਕ ਨ ਸਮਝਦਾ ਹੋਵੇ। ਅਸਲ ਗੱਲ ਇਹ ਹੁੰਦੀ ਹੈ ਕਿ ਸੰਸਾਰ ਨੂੰ ਧਰਮ ਅਤੇ ਅੰਮ੍ਰਿਤ ਦਾ ਦਾਨ ਦੇਣ ਵਾਸਤੇ ਜੇ ਉਸ ਨੂੰ ਮਾਇਆ ਦੇ ਤਿਆਗ ਦੀ ਲੋੜ ਪਵੇ, ਤਦ ਉਹ ਉਸ ਨੂੰ ਐਉਂ ਪਰੇ ਸਿਟ ਦੇਂਦਾ ਹੈ, ਜਿਸ ਤਰ੍ਹਾਂ ਰੇਤੇ ਦੀ ਮੁਠ, ਕਿਉਂਕਿ ਉਹ ਨਹੀਂ ਚਾਹੁੰਦਾ ਕਿ ਰਾਜ ਭਾਗ ਤੇ ਮਾਇਆ ਦੀਆਂ ਸ਼ਖ਼ਸੀ ਲੜਾਈਆਂ ਵਿਚ ਪੈ ਕੇ ਸੰਸਾਰ ਨੂੰ ਉਸ ਅੰਮ੍ਰਿਤ-ਪਰਵਾਹ ਤੋਂ ਅਲਹਿਦਾ ਕੀਤਾ ਜਾਵੇ ਜਿਸ ਦੀਆਂ ਲਹਿਰਾਂ ਉਹ ਭਟਕੇ ਹੋਏ ਲੋਕਾਂ ਨੂੰ ਦਸਣ ਵਾਸਤੇ ਆਇਆ ਹੈ।

ਹਿੰਦੁਸਤਾਨ ਵਿਚ ਇਸ ਤਿਆਗ ਦੀ ਬਹੁਤ ਬੜੀ ਕੀਮਤ ਹੈ। ਅਜ ਤੋਂ ਹਜ਼ਾਰਾਂ ਸਾਲ ਪਹਿਲੇ ਇਸ ਤਿਆਗ ਦੀ ਸ਼ਾਨਦਾਰ ਮਿਸਾਲ ਭਗਵਾਨ ਰਾਮ ਨੇ ਕਾਇਮ ਕੀਤੀ ਸੀ। ਉਹ ਭੀ ਭਰਾ ਬਦਲੇ ਰਾਜ ਨੂੰ ਤਿਆਗ ਕੇ ਜੰਗਲ ਨੂੰ ਤੁਰ ਗਏ ਸਨ, ਪਰ ਉਹ ਤਿਆਗ ਪਿਤਾ ਦੇ ਹੁਕਮ ਬਦਲੇ ਸੀ। ਦੂਜਾ ਉਹ ਤਿਆਗ ਭਰਤ ਜਿਹੇ ਆਗਿਆਕਾਰ ਤੇ ਰਾਮ ਦੇ ਚਰਨਾਂ ਦੇ ਪਿਆਰੇ ਵੀਰ ਵਾਸਤੇ ਸੀ। ਤੀਜਾ ਤਿਆਗ ਜੰਗਲ ਨੂੰ ਤੁਰ ਜਾਣਾ ਸੀ। ਸ਼ਰੀਕ ਦੀ ਸ਼ਾਨ ਦਿਨ ਰਾਤ ਅੱਖਾਂ ਅਗੇ ਨਹੀਂ ਦੇਖਣੀ ਸੀ। ਪਰ ਏਧਰ ਇਹ ਤਿਆਗ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਪਣੀ ਹੀ ਇਛਿਆ ਨਾਲ ਸੀ। ਭਰਤ ਦੀ ਥਾਂ ਇਥੇ ਲਹੂ-ਪੀਣਾ ਭਾਈ ਪ੍ਰਿਥਵੀ ਚੰਦ ਸੀ ਤੇ ਇਸ ਥਾਂ ਜੰਗਲ ਨੂੰ ਨਹੀਂ ਤੁਰ ਜਾਣਾ ਸੀ, ਹਿਜਰਤ ਨਹੀਂ ਕਰਨੀ ਸੀ, ਸਗੋਂ ਸਾਹਮਣੇ ਮਥੇ ਰਹਿ ਕੇ ਦੁਖ ਭੁਖ ਨੂੰ ਹਰ ਵਕਤ ਝਲਣਾ ਸੀ ਤੇ ਦੁਖ ਵਿਚ ਸੁਖ ਮਨਾਉਣਾ ਸੀ।

ਬੇਸ਼ਕ ਇਹ ਹਾਲਤ ਭਾਈ ਗੁਰਦਾਸ ਜੀ ਨੇ (ਜਿਥੇ ਤਕ ਸਿਖ ਸੰਗਤਾਂ ਦਾ ਤੁਅੱਲਕ ਸੀ) ਪੂਰਬ ਵਲੋਂ ਆਉਣ ਪਰ ਬਦਲ ਦਿਤੀ। ਗਲ ਵਿਚ ਢੋਲਕੀ ਪਾ ਕੇ ਭੁਲੀਆਂ ਸੰਗਤਾਂ ਨੂੰ ਦਸ ਦਿਤਾ ਕਿ ਚੰਦ ਨੂੰ ਛਡ ਕੇ ਟਟਿਆਣੇ ਪਿਛੇ ਨਾ ਜਾਓ, ਪਰ ਇਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕੋਈ ਹੱਥ ਨਹੀਂ ਸੀ। ਸੋ ਸਿਖਾਂ ਨੂੰ ਇਹ ਮਾਣ ਹੈ ਕਿ ਜੇਠ ਸੁਦੀ ਚੌਥ ਦਾ ਦਿਨ ਉਹ ਅਜਿਹੇ ਗੁਰੂ ਦੇ ਚਰਨਾਂ ਵਿਚ ਬੈਠ ਕੇ ਮਨਾ ਰਹੇ ਹਨ ਕਿ ਜੋ ਸਚੇ ਤਿਆਗ ਦਾ ਅਮਲੀ ਪੈਗੰਬਰ ਹੈ।

ਇਥੇ ਹੀ ਬਸ ਨਹੀਂ, ਸਤਿਗੁਰ ਦਾ ਪ੍ਰਤਾਪ ਦੇਖ ਕੇ ਸ਼ਹਿਨਸ਼ਾਹ ਅਕਬਰ ਇਸ ਦੇ ਦਰ ਆ ਡਿਗਦਾ ਹੈ। ਉਹ ਮਿੰਨਤ ਕਰਦਾ ਹੈ ਕਿ ਲੰਗਰ ਸਰਕਾਰੀ ਖ਼ਜ਼ਾਨੇ ਦੇ ਸਹਾਰੇ ਚਲਿਆ ਕਰੇ, ਪਰ ਹੱਸ ਕੇ ਉਤਰ ਮਿਲਦਾ ਹੈ ਕਿ ਗਰੀਬ ਸੰਗਤਾਂ ਦੇ ਸਹਾਰੇ ਇਹ ਲੰਗਰ ਅਕਾਲੀ ਬਰਕਤ ਨਾਲ ਚਲੇਗਾ। ਇਥੇ ਸ਼ਹਿਨਸ਼ਾਹ ਤੇ ਕਾਣੀ ਕੌਡੀ ਦੇਣ ਵਾਲੇ ਦਾ ਦਾਨ ਇਕੋ ਹੈਸੀਅਤ ਵਿਚ ਅੰਗੀਕਾਰ ਹੋਵੇਗਾ। ਹਾਂ ਜੇ ਕੁਛ



www.AKJ.Org

ਉਦਾਰਤਾ ਮਨ ਵਿਚ ਆਈ ਹੈ ਤਦ ਐਤਕੀ ਦੇਸ਼ ਦੇ ਕਿਰਸਾਨ ਮੀਂਹ ਨਾ ਪੈਣ ਕਰ ਕੇ ਦੁਖੀ ਹਨ, ਇਸ ਵਾਰ ਇਨ੍ਹਾਂ ਦਾ ਮਾਲੀਆ ਮੁਆਫ਼ ਕਰ ਦਿਓ। ਇਸ ਤਰ੍ਹਾਂ ਸਤਿਗੁਰੂ ਜੀ ਦਾ ਜੀਵਨ ਪੜ੍ਹਦੇ ਚਲੋ ਤੇ ਤਿਆਗ ਦੀ ਇਕੋ ਲੜੀ ਆਪਣਾ ਚਮਤਕਾਰ ਦਸੀ ਚਲੇਗੀ। ਇਹ ਤਿਆਗ ਭਰਥਰੀ ਹਰੀ ਦੀ ਤਰ੍ਹਾਂ ਇਸਤ੍ਰੀ ਤੋਂ ਤੰਗ ਆ ਕੇ ਜੰਗਲ ਨੂੰ ਭਜ ਜਾਣ ਵਾਲਾ ਨਹੀਂ, ਸਗੋਂ ਸੰਸਾਰ ਦੇ ਚੱਕਰ ਵਿਚ ਰਹਿ ਕੇ ਆਪਣੀ ਅਜ਼ਾਦ ਇਛਿਆ ਦਾ ਤਿਆਗ ਹੈ। ਭਰਥਰੀ ਹਰੀ ਤਿਆਗੀ ਹੈ ਤੇ ਸੰਸਾਰ ਦੇ ਪੂਜਣ ਯੋਗ ਹੈ। ਰਾਮ ਉਸ ਤੋਂ ਬਹੁਤ ਬੜਾ ਤਿਆਗੀ ਹੈ, ਪਰ ਸ੍ਰੀ ਗੁਰੂ ਅਰਜਨ ਦੇਵ ਤਿਆਗੀਆਂ ਦਾ ਸ਼ਹਿਨਸ਼ਾਹ ਹੈ।

### ੨. ਸ਼ਾਂਤੀ :—

ਸੁਲਹੀ ਖ਼ਾਂ ਨੂੰ ਪ੍ਰੇਰ ਕੇ ਪ੍ਰਿਥੀ ਚੰਦ ਚੜ੍ਹਾਈ ਕਰਾਉਂਦਾ ਹੈ। ਸਿਖ ਸੇਵਕ ਤੇ ਸੰਗਤਾਂ ਫ਼ੌਜ ਦੀ ਚੜ੍ਹਾਈ ਸੁਣ ਕੇ ਘਬਰਾਂਦੀਆਂ ਹਨ, ਪਰ ਸ਼ਾਂਤੀ-ਪੁੰਜ ਸਤਿਗੁਰੂ ਜੀ ਅਡੋਲ ਹਨ ਅਤੇ ਸਿਖ-ਸੰਗਤਾਂ ਦੀਆਂ ਤਜਵੀਜ਼ਾਂ ਸੁਣ-ਸੁਣਾ ਕੇ ਬਾਣੀ ਉਚਾਰਦੇ ਹਨ —

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥

[ਆਸਾ ਮ: ੫, ਪੰਨਾ ੩੭੧

ਸ਼ਤਿਗੁਰੂ ਪਾਤਸ਼ਾਹ ਨਿਰਵੈਰ ਦਾ ਸ਼ਾਂਤ-ਚਿਤ ਰਹਿ ਕੇ ਵਾਹਿਗੁਰੂ ਪਰਾਇਣ ਹੋਣ ਦਾ ਫਲ-ਸਰੂਪ ਇਹ ਹੋਇਆ ਕਿ —

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ,
ਸੁਲਹੀ ਹੋਇ ਮੂਆ ਨਾਪਾਕੁ ॥

[ਬਿਲਾਵਲ ਮ: ੫, ਪੰਨਾ ੮੨੫

ਇਸ ਸਬੰਧੀ ਕੁਝ ਜ਼ਿਆਦਾ ਲਿਖਣ ਦੀ ਲੋੜ ਨਹੀਂ। ਪ੍ਰਿਥਵੀ ਚੰਦ ਆਦਿ ਦਾ ਨਿੱਤ ਲਹੂ ਦੇ ਤਿਹਾਏ ਰਹਿਣਾ, ਸ੍ਰੀ ਗੁਰੂ ਅਰਜਨ ਦੇਵ ਤੇ ਸਾਹਿਬ-ਜ਼ਾਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜੀ ਦੀ ਜਾਨ ਲੈਣ ਦੇ ਕੁਢੰਗ ਸੋਚਦੇ ਰਹਿਣਾ, ਪਰ ਸਤਿਗੁਰੂ ਅਰਜਨ ਦੇਵ ਜੀ ਨੇ ਸ਼ਾਂਤ-ਚਿਤ ਰਹਿ ਕੇ ਕੋਈ ਰੋਸ ਨਾ ਮਨਾਉਣਾ। ਅੰਤ ਸ਼ਹੀਦੀ ਸਮੇਂ ਉਬਲਦੀ ਦੇਗ, ਤੱਤੀ ਲੋਹ ਤੇ ਸੜਦੇ ਰੇਤੇ ਵਿਚ ਤਲੇ ਜਾਣਾ, ਪਰ ਦੁਸ਼ਮਨਾਂ ਲਈ ਭੀ ਕੋਈ ਕਰੜੀ ਅਰਦਾਸ ਨਾ ਕਰਨੀ, ਸਗੋਂ ਮੀਆਂ ਮੀਰ ਦੇ ਗੁਸੇ ਨੂੰ ਰੋਕਣਾ, ਭਾਈ ਪਿਰਾਣੇ ਦੀ ਤਲਵਾਰ ਨੂੰ ਹੁਕਮ ਨਾਲ ਮਿਆਨ ਵਿਚ ਪੁਆ ਦੇਣਾ, ਹੱਸ ਹੱਸ ਕੇ ਵਾਹਿਗੁਰੂ ਦੇ ਗੁਣ ਗਾਉਣੇ ਤੇ ਦੋਸਤ ਦੁਸ਼ਮਣ ਸਰਬੱਤ ਦਾ ਭਲਾ ਮੰਗਦੇ ਹੋਏ ਸ਼ਹੀਦੀ ਦਾ ਪਿਆਲਾ ਪੀ ਜਾਣਾ।

'ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।'

[ਸੁਖਮਨੀ ਅਸਟਪਦੀ ੮, ੧

### ੩. ਦ੍ਰਿੜ੍ਹਤਾ :—

ਕਈ ਦਿਨ ਪੁਨੀਤ ਹਡ ਕੜਕਾ ਕੇ ਤੇ ਪਵਿਤਰ ਖਲੜੀ ਉਤਰਵਾ ਕੇ ਭੀ ਸਿਖੀ ਦਾ ਝੰਡਾ ਨੀਵਾਂ ਕਰ ਕੇ ਬਾਦਸ਼ਾਹ ਅਤੇ ਚੰਦੂ ਦੀ ਈਨ ਨਾ ਮੰਨਣੀ ਤੇ ਇਹ ਗਾਉਣਾ—

"ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥"

[ਸਲੋਕ ਵਾਰਾਂ ਤੋਂ ਵਧੀਕ ਮ: ੧

ਦ੍ਰਿੜ੍ਹਤਾ ਦਾ ਹਿਮਾਲੇ ਪਰਬਤ ਜਿਡਾ ਉਚਾ ਦ੍ਰਿਸ਼ਯ ਹੈ।

### ੪. ਗ਼ਰੀਬੀ :—

ਗਰੀਬੀ ਕਹੋ ਜਾਂ ਨਿਰਮਾਣ ਸੇਵਾ ਕਹੋ, ਅਸਲ ਵਿਚ ਇਕੋ ਹੀ ਚੀਜ਼ ਹੈ। ਸਤਿਗੁਰੂ ਦੀ ਨਿਤ ਦੀ ਪਵਿਤਰ ਜ਼ਿੰਦਗੀ ਇਹੋ ਕੁਛ ਸੀ। ਸੰਗਤਾਂ ਵਿਚ ਪੱਖਾ ਫੇਰਦਿਆਂ, ਪਾਣੀ ਢੋਂਦਿਆਂ ਅਸੀਂ ਇਸ ਮਹਾਨ ਗੁਰੂ ਦੀ ਪ੍ਰਤੱਖ ਝਾਕੀ ਦੇਖਦੇ ਹਾਂ। ਉਹ ਪੱਖਾ ਫੇਰਨ ਵਾਲਾ ਤੇ ਪਾਣੀ ਢੋਣ ਵਾਲਾ ਸਤਿਗੁਰੂ ਕਦੇ ਕਦੇ ਸ੍ਰੀ ਅੰਮ੍ਰਿਤਸਰ ਨੂੰ ਆ ਰਹੀਆਂ ਅਨਭੋਲ ਸੰਗਤਾਂ ਦੇ ਚਰਨ ਵੀ ਆਪਣੇ ਸੁਚੇ ਦਾੜ੍ਹੇ ਨਾਲ ਝਾੜ ਜਾਂਦਾ ਹੈ,

[ਬਾਕੀ ਦੇਖੋ ਸਫ਼ਾ ੧੦ ਦੇ ਹੇਠ



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

[ ਵਲੋਂ—ਸ: ਹਰਜੀਤ ਸਿੰਘ ਧਾਲੀਵਾਲ, ਲੰਡਨ ]

ਸ੍ਰੀ ਗੁਰੂ ਅਰਜਨ ਦੇਵ ਪੰਚਮ ਪਾਤਸ਼ਾਹੀ ਜੀ ਦਾ ਜਨਮ ਵੈਸਾਖ ਸੁਦੀ ਅਠਾਰ੍ਹਾਂ ਦਿਨ ਮੰਗਲਵਾਰ ਸੰਮਤ ਬਿਕਰਮੀ ੧੬੨੦, ਪਿੰਡ ਗੋਇੰਦਵਾਲ ਵਿਖੇ, ਪਿਤਾ ਸਾਹਿਬ ਸ੍ਰੀ ਗੁਰੂ ਰਾਮਦਾਸ ਚੌਥੀ ਪਾਤਸ਼ਾਹੀ ਜੀ ਦੇ ਘਰ, ਬੇਬੇ ਭਾਨੀ ਜੀ ਦੀ ਕੁਖੋਂ ਹੋਇਆ। ਸੁਘੜ ਮਾਤਾ ਭਾਨੀ ਜੀ, ਤੇ ਗੁਰੂ ਪਿਤਾ ਸ੍ਰੀ ਰਾਮਦਾਸ ਜੀ ਦੀ ਕਿਰਪਾ ਦ੍ਰਿਸ਼ਟੀ ਥੱਲੇ ਬਾਲ ਅਵੱਸਥਾ ਦਰਿਆਏ ਬਿਆਸ ਦੇ ਕੰਢਿਆਂ ਦੀਆਂ ਮੌਜਾਂ ਵਿਚ ਗੁਜ਼ਰੀ। ਏਥੇ ਹੀ ਮੁਢਲੀ ਵਿਦਿਆ ਬਾਬਾ ਬੁੱਢਾ ਜੀ ਤੋਂ ਪ੍ਰਾਪਤ ਕੀਤੀ। ਆਪ ਛੋਟੀ ਉਮਰ ਵਿਚ ਹੀ ਪਰਮ ਅਤੀਤ ਬਿਵਸਥਾ ਵਿਚ ਵਿਚਰੇ ਅਤੇ ਪਰਮੇਸਰ ਦੇ ਰੰਗ ਵਿਚ ਰੰਗੀਜੇ ਹੋਏ ਜਮਾਂਦਰੂ ਕਵੀ ਸਨ। ਆਪ ਜੀ ਦੇ ਦੋ ਵਡੇ ਭਾਈ ਸਨ, ਪ੍ਰਿਥੀ ਚੰਦ ਤੇ ਮਹਾਂ ਦੇਵ। ਸਭ ਤੋਂ ਵਡਾ ਪ੍ਰਿਥੀ ਚੰਦ ਮਾਇਆ-ਵਾਦੀ ਸੀ, ਪਰ ਮਹਾਂ ਦੇਵ ਬਿਰੱਕਤ ਬ੍ਰਿਤੀ ਰਖਦਾ ਸੀ।

ਓਦੋਂ ਹਿੰਦੂਆਂ ਵਿਚ ਛੂਤ-ਛਾਤ ਤੇ ਜਾਤ-ਪਾਤ ਦਾ ਬਹੁਤ ਭਾਰੀ ਵਿਤਕਰਾ ਸੀ। ਇਕ ਪੰਡਤ ਮੁੱਲਾਂ ਅਗੇ ਤਾਂ ਝੁਕ ਸਕਦਾ ਸੀ, ਪਰ ਆਪਣੇ ਇਕ ਹਿੰਦੂ ਭਾਈ ਨੂੰ ਸ਼ੂਦਰ ਕਹਿ ਕੇ ਉਹਨੂੰ ਘਿਰਣਾ ਦੀ ਨਿਗਾਹ ਨਾਲ ਦੇਖਦਾ ਸੀ। ਇਹ ਹਾਲਤ ਦੇਖ ਕੇ ਗੁਰੂ ਰਾਮਦਾਸ ਜੀ ਨੇ ਸਭ ਅਛੂਤ ਜਾਤੀਆਂ ਨੂੰ ਰਾਮਦਾਸ-ਪੁਰ ਵਿਚ ਵਸਣ ਦਾ ਬੁਲਾਵਾ ਦੇ ਦਿਤਾ। ਜਿਹੜੇ ਲੋਕ ਹਿੰਦੂ ਸਮਾਜ ਵਿਚੋਂ ਛੇਕੇ ਹੋਏ ਸਨ ਉਹਨਾਂ ਨੂੰ ਮਾਣ, ਧਰਵਾਸ ਤੇ ਆਸਰਾ ਮਿਲਿਆ। ਉਹਨਾਂ ਦੇ ਦਿਲ ਗੁਰੂ ਜੀ ਦੀ ਉਦਾਰਤਾ ਨਾਲ ਕਿਰਤਗਯ ਹੋ ਗਏ। ਇਸ ਨੂੰ ਮੁੱਲਾਂ, ਸ਼ੇਖ਼ ਤੇ ਬ੍ਰਾਹਮਣ ਨਾ ਸਹਾਰ ਸਕੇ। ਮੁੱਲਾਂ, ਸ਼ੇਖ਼ ਇਸ ਨੂੰ ਇਸਲਾਮ ਦੇ ਫ਼ੈਲਣ ਵਿਚ ਰੋੜਾ ਸਮਝਦੇ ਸਨ। ਬ੍ਰਾਹਮਣ ਸਮਝਦੇ ਸਨ ਕਿ ਗੁਰੂ ਜੀ ਸ਼ੰਕਰਾਵਰਨ ਕਰੀ ਜਾਂਦੇ ਹਨ। ਉੱਚ ਜਾਤੀ ਇਹ ਬਰਦਾਸ਼ਤ ਨਹੀਂ ਕਰ ਸਕਦੀ ਸੀ। ਇਹਨਾਂ ਈਰਖਾ-ਵਾਦੀ ਮੂਰਖਾਂ ਨੇ ਸੜੇਵੇਂ ਤੇ ਮਜ਼ਬੀ ਤਅੱਸਬ ਦੇ ਅਧੀਨ ਹੋ ਕੇ, ਹਕੂਮਤ ਪਾਸ ਵਧਾ ਚੜ੍ਹਾ ਕੇ ਗੁਰੂ ਸਾਹਿਬ ਦੇ ਬਰਖ਼ਿਲਾਫ਼ ਸ਼ਿਕਾਇਤਾਂ ਕੀਤੀਆਂ।

ਅਜਿਹੇ ਸਮੇਂ ਪੰਡਤਾਂ, ਮੁੱਲਾਂ ਤੇ ਹੋਰ ਈਰਖਾ-ਵਾਦੀਆਂ ਦਾ ਟਾਕਰਾ ਕਰਨ ਲਈ ਕਿਸੇ ਕਾਮਲ ਮਨੁੱਖ ਤੇ ਕੁਰਬਾਨੀ ਦੇ ਪੁੰਜ ਰਹਿਬਰ ਦੀ ਲੋੜ

---

ਸਫ਼ਾ ੯ ਦੀ ਬਾਕੀ]

ਪਰ ਨਾਵਾਕਫ਼ ਸਿਖਾਂ ਪਰ ਇਹ ਭੇਦ ਪਿਛੋਂ ਖੁਲ੍ਹਦਾ ਹੈ ਕਿ ਇਹ ਸੇਵਾ ਦੇ ਭੰਡਾਰੇ ਦਾ ਮਾਲਕ ਸੱਚਾ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸੀ। ਇਸ ਨੂੰ ਕਹਿੰਦੇ ਹਨ 'ਗਰੀਬੀ ਗਦਾ ਹਮਾਰੀ' ਤੇ 'ਸੇਵਕ ਕਉ ਸੇਵਾ ਬਨ ਆਈ'।

### ੫. ਜੱਥੇਬੰਦੀ :—

ਕਾਬਲ, ਈਰਾਨ, ਸਿੰਧ, ਬੰਗਾਲ ਤੇ ਲੰਕਾ ਤਕ ਮਸੰਦ ਥਾਪ ਕੇ ਤੇ ਬਾਕਾਇਦਾ ਦਸਵੰਦ ਸਿਖ ਸੰਗਤਾਂ ਪਾਸੋਂ ਲੈਣ ਦੀ ਮਰਯਾਦਾ ਚਲਾ ਕੇ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਰਚ ਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੁਕੰਮਲ ਕਰ ਕੇ ਸਤਿਗੁਰੂ ਨੇ ਸਿਖਾਂ ਨੂੰ ਰੂਹਾਨੀ, ਇਲਮੀ, ਭਾਈਚਾਰਕ ਤੇ ਧਾਰਮਿਕ ਜਥੇਬੰਦੀ ਦੀ ਅਮਲੀ ਸੰਥਾ ਸਿਖਾ ਦਿਤੀ ਹੈ।

ਮੈਂ ਅਜ ਗੁਰੂ ਦੇ ਚਰਨਾਂ ਦਾ ਧਿਆਨ ਕਰ ਕੇ ਇਹ ਪੰਜ ਗੁਣ ਸੰਖੇਪ ਜਿਹੇ ਸਤਿਗੁਰੂ ਦੇ ਲਿਖੇ ਹਨ। ਪੰਥ ਅਤੇ ਦੇਸ਼ ਦੇ ਮੌਜੂਦਾ ਲੀਡਰ ਇਨ੍ਹਾਂ ਪੰਜਾਂ ਗੁਣਾਂ ਦੀ ਸਿਖਿਆ ਤੋਂ ਬੜਾ ਕੁਝ ਸਿਖ ਸਕਦੇ ਹਨ ਅਤੇ ਆਪਣਾ ਜੀਵਨ ਸੁਧਾਰ ਸਕਦੇ ਹਨ। ਆਓ, ਅਜ ਅਸੀਂ ਝੋਲੀ ਅਡ ਕੇ ਸਤਿਗੁਰੂ ਦੇ ਦਰੋਂ ਦਾਨ ਮੰਗੀਏ ਕਿ ਬਾਬਾ ਅਸਾਨੂੰ ਭੀ ਕੁਛ ਬਖ਼ਸ਼।

(ਪ੍ਰਾਪਤ)



www.AKJ.Org

ਸੀ, ਜੋ ਸ੍ਰੀ ਗੁਰੂ ਰਾਮਦਾਸ ਜੀ ਦੀ ਥਾਂ ਲੈ ਸਕਦਾ।

ਪ੍ਰੰਤੂ ਗੁਰੂ ਅਰਜਨ ਦੇਵ ਜੀ ਦੇ ਗੱਦੀ ਬਿਰਾਜਮਾਨ ਹੋਣ ਤੇ ਕਈ ਹੋਰ ਤਕਲੀਫ਼ਾਂ ਵਿਚ ਵਾਧਾ ਹੋ ਗਿਆ। ਪ੍ਰਿਥੀ ਚੰਦ ਵਡਾ ਹੋਣ ਦੇ ਨਾਤੇ ਆਪਣੇ ਆਪ ਨੂੰ ਗੁਰ-ਗੱਦੀ ਦਾ ਵਾਰਸ ਸਮਝਦਾ ਸੀ, ਜਿਸ ਕਰਕੇ ਉਹ ਭੀ ਗੁਰੂ-ਘਰ ਦੇ ਵਿਰੋਧੀਆਂ ਦੀਆਂ ਸਫ਼ਾਂ ਵਿਚ ਜਾ ਖੜਾ ਹੋਇਆ। ਇਸੇ ਲਈ ਗੁਰੂ ਰਾਮਦਾਸ ਜੀ ਨੂੰ ਰਾਮਦਾਸਪੁਰ ਛਡ ਕੇ ਗੋਇੰਦਵਾਲ ਆਉਣਾ ਪਿਆ। ਐਪਰ ਪ੍ਰਿਥੀ ਚੰਦ ਗੁਰੂ ਸਾਹਿਬ ਦੇ ਸਮਝਾਉਣ ਤੇ ਭੀ ਗੱਦੀ ਲਾ ਕੇ ਬੈਠ ਗਿਆ। ਇਹ ਇਕ ਲੰਬੀ ਵਾਰਤਾ ਹੈ ਜਿਸ ਦਾ ਪੰਚਮ ਪਾਤਸ਼ਾਹ ਦੀ ਸ਼ਹੀਦੀ ਨਾਲ ਡੂੰਘਾ ਸੰਬੰਧ ਹੈ।

ਪ੍ਰਿਥੀ ਚੰਦ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਰਖ਼ਿਲਾਫ਼ ਕਈ ਸਾਜ਼ਸ਼ਾਂ ਕੀਤੀਆਂ। ਉਹ ਹਾਕਮਾਂ ਪਾਸ ਕਈ ਤਰ੍ਹਾਂ ਦੀਆਂ ਚੁਗਲੀਆਂ ਕਰ ਕੇ ਉਨ੍ਹਾਂ ਦੇ ਕੰਨ ਭਰਦਾ ਰਿਹਾ। ਇਕ ਵੇਰ ਸੁਲਹੀ ਖ਼ਾਨ ਨਾਂ ਦੇ ਇਕ ਫ਼ੌਜਦਾਰ ਨੂੰ ਚੜ੍ਹਾ ਲਿਆਇਆ। ਪਰ ਅਕਾਲ ਪੁਰਖ ਨੂੰ ਸੁਲਹੀ ਦੀ ਇਹ ਮਾਰੂ ਚੜ੍ਹਾਈ ਨਾ ਭਾਈ ਤੇ ਉਹ ਰਾਹ ਵਿਚ ਹੀ ਸੜ ਕੇ ਸੁਆਹ ਹੋ ਗਿਆ।

ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਗੁਰੂ-ਘਰ ਦੀ ਫੁੱਟ ਨੂੰ ਮੇਟਣ ਦੀ ਬੜੀ ਕੋਸ਼ਿਸ਼ ਕੀਤੀ ਤੇ ਉਹ ਕਿਸੇ ਹੱਦ ਤੱਕ ਸਫ਼ਲ ਭੀ ਹੋਏ, ਜਿਸ ਦਾ ਸਦਕਾ ਇਹ ਫੁੱਟ ਕੁਝ ਸਮੇਂ ਲਈ ਠੰਡੀ ਪੈ ਗਈ ਤੇ ਗੁਰੂ ਸਾਹਿਬ ਨੇ ਅਗਲਾ ਕਦਮ ਚੁਕਿਆ।

ਗੁਰੂ ਸਾਹਿਬ ਨੇ ਆਮ ਜਨਤਾ ਤੇ ਖ਼ਾਸ ਕਰਕੇ ਪੰਥਕ ਭਲਾਈ ਦੇ ਕੰਮ ਕਰਨ ਖ਼ਾਤਰ ਸਿਖਾਂ ਦੀ ਸਾਂਝੀ ਮਾਇਆ, ਜਿਸ ਦਾ ਨਾਂ ਦਸਵੰਧ ਹੈ, ਦੀ ਰੀਤੀ ਚਲਾਈ। ਇਹ ਇਕ ਬੜੀ ਗਹਿਰੀ ਰਾਜਨੀਤੀ ਸੀ ਜੋ ਕੌਮ ਨੂੰ ਇਕ ਕੇਂਦਰ ਵਿਚ ਇਕ-ਮੁੱਠ ਕਰਦੀ ਸੀ। ਇਸ ਦਸਵੰਧ ਦੀ ਉਗਰਾਹੀ ਕਰਨ ਖ਼ਾਤਰ, ਜਿਹੜੀ ਕਿ ਸਾਲ ਜਾਂ ਛੇ ਮਹੀਨੇ ਬਾਅਦ ਕੀਤੀ ਜਾਂਦੀ ਸੀ, ਮਸੰਦ (ਮਸਨਦ, ਭਾਵ ਗੱਦੀ ਨਾਲ ਸਬੰਧ ਰਖਣ ਵਾਲੇ) ਮੁਕੱਰਰ ਕੀਤੇ। ਇਹ ਉਹ ੨੨ ਮੁਖੀਏ ਸਿਖ਼ ਸਨ, ਜਿਹੜੇ ਕਿ ਸਿਖੀ ਦੇ ਇਮਤਿਹਾਨ ਵਿਚ ਪਕੇ, ਤੇ ਗੁਰੂ ਸਾਹਿਬ ਦੇ ਨਿਕਟਵਰਤੀ ਹੋਣ ਦਾ ਮਾਣ ਰਖਦੇ ਸਨ। ਇਸ ਆਈ ਸਾਂਝੀ ਮਾਇਆ ਨਾਲ ਗੁਰੂ ਸਾਹਿਬ ਨੇ ਪੰਥਕ ਭਲਾਈ ਦੇ ਕੰਮ ਕਰਨੇ ਅਰੰਭ ਦਿਤੇ। ਸਿਖ ਮੰਦਰ, ਧਰਮਸਾਲਾਂ, ਬਉਲੀਆਂ, ਤਰਨ ਤਾਰਨ ਵਿਚ ਯਤੀਮਖ਼ਾਨਾ ਤੇ ਹਸਪਤਾਲ ਬਣਾਏ। ਗੁਰੂ ਕੇ ਚੱਕ ਰਾਮਦਾਸਪੁਰ ਵਿਚ ਸਰੋਵਰ ਬਾਗ਼ ਵਗੈਰਾ ਲਵਾਉਣ ਦਾ ਪਰਬੰਧ ਕੀਤਾ। ਏਥੇ ਹੀ ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਫ਼ਕੀਰ ਮੀਆਂ ਮੀਰ ਪਾਸੋਂ ਰਖਵਾਈ। ਇਹਨਾਂ ਗੱਲਾਂ ਦੇ ਕਾਰਨ ਆਪ ਹਰ-ਮਨ-ਪਿਆਰੇ ਹੋ ਗਏ। ਇਹਨਾਂ ਸਭ ਗੱਲਾਂ ਤੋਂ ਉਪਰੰਤ, ਜੋ ਸਭ ਤੋਂ ਵਿਸ਼ੇਸ਼ ਵਡਾ ਕੰਮ ਪੰਚਮ ਪਾਤਸ਼ਾਹ ਨੇ ਕੀਤਾ, ਉਹ ਸੀ ਗੁਰੂ ਸਾਹਿਬਾਨ ਦੀ ਸਾਰੀ ਬਾਣੀ ਦਾ ਇਕੱਤਰ ਕਰਨਾ ਅਤੇ ਗ੍ਰੰਥ ਸਾਹਿਬ ਦੇ ਰੂਪ ਵਿਚ ਹਰਿਮੰਦਰ ਸਾਹਿਬ ਵਿਚ ਸਥਾਪਨ ਕਰ ਦੇਣਾ।

ਗੁਰੂ ਕਾ ਲੰਗਰ ਗੋਇੰਦਵਾਲ ਚਲਦਾ ਦੇਖ ਕੇ ਜਾਤ-ਅਭਿਮਾਨੀ ਬ੍ਰਾਹਮਣਾਂ ਤੇ ਖੱਤਰੀਆਂ ਨੇ ਗੁਰੂ ਸਾਹਿਬ ਦੀ ਕਾਫ਼ੀ ਵਿਰੋਧਤਾ ਕਰਨੀ ਸ਼ੁਰੂ ਕਰ ਦਿਤੀ। ਇਹ ਵਿਰੋਧਤਾ ਐਥੋਂ ਤਕ ਵਧ ਗਈ ਕਿ ਸ਼ਾਹੀ ਦਰਬਾਰ ਦੇ ਕਈ ਕਰਮਚਾਰੀ ਵੀ ਇਸ ਵਿਚ ਸ਼ਾਮਲ ਹੋ ਗਏ। ਉਹਨਾਂ ਵਿਚੋਂ ਸਭ ਦਾ ਸਿਰ-ਮੌਰ ਬੀਰਬਲ ਸੀ। ਇਸ ਦਾ ਅਸਲੀ ਨਾਮ ਮਹੇਸ਼ ਦਾਸ ਸੀ। ਇਹ ਜੈਪੁਰ ਦੇ ਰਾਜੇ ਭਗਵਾਨ ਦਾਸ ਦਾ ਦਰਬਾਰੀ ਕਵੀ ਤੇ ਸ਼ਾਸਤਰਾਂ ਦਾ ਚੰਗਾ ਗਿਆਤਾ ਸੀ। ਇਸ ਨੂੰ ਰਾਗ ਦੀ ਵੀ ਕਾਫ਼ੀ ਸੂਝ ਸੀ। ਹਾਜ਼ਰ-ਜਵਾਬ ਤੇ ਪਰਲੇ ਦਰਜੇ ਦਾ ਮਸਖ਼ਰਾ ਸੀ।

ਈਸਵੀ ੧੫੬੨ ਵਿਚ ਭਗਵਾਨ ਦਾਸ ਦੀ ਭਤੀਜੀ ਦਾ ਡੋਲਾ ਅਕਬਰ ਨੂੰ ਦਿਤਾ ਗਿਆ ਜਿਸ ਬਦਲੇ ਭਗਵਾਨ ਦਾਸ ਦੇ ਪੁੱਤਰ ਮਾਨ ਸਿੰਘ ਨੂੰ ਸ਼ਾਹੀ ਮੁਲਾਜ਼ਮਤ ਮਿਲ ਗਈ ਤੇ ਕੁਝ ਦੇਰ ਬਾਅਦ ਭਗਵਾਨ ਦਾਸ ਨੇ ਬੀਰਬਲ ਨੂੰ ਭੀ ਅਕਬਰ ਦੇ ਦਰਬਾਰ ਵਿਚ ਅਪੜਾਂ ਦਿਤਾ।

ਬੀਰਬਲ ਜ਼ਾਤ ਦਾ ਬ੍ਰਾਹਮਣ ਸੀ। ਉਪਜੀਵਕਾ



www.AKJ.Org

ਦਾ ਸੁਆਲ ਮੁਖ ਰਖ ਕੇ ਬ੍ਰਾਹਮਣਾਂ ਤੇ ਖੱਤਰੀਆਂ ਨੇ ਬੀਰਬਲ ਤਕ ਰਸਾਈ ਕੀਤੀ ਅਤੇ ਉਨ੍ਹਾਂ ਨੇ ਗੁਰੂ ਘਰ ਦੇ ਬਰਖ਼ਿਲਾਫ਼ ਬੜਾ ਕੁਝ ਕਿਹਾ । ਹਿੰਦੂਆਂ ਦਾ ਨਵੀਨ ਧਰਮ ਅਖ਼ਤਿਆਰ ਕਰਨਾ, ਉੱਚ ਜ਼ਾਤੀਆਂ ਤੇ ਸ਼ੂਦਰਾਂ ਦਾ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਣਾ, ਇਤਿਆਦਿਕ ਗੱਲਾਂ ਨਾਲ ਇਸ ਦੇ ਕੰਨ ਭਰੇ । ਅਕਬਰ ਨੇ ਬੀਰਬਲ ਨੂੰ ਯਕੀਨ ਦਿਵਾਉਣ ਦਾ ਕਾਫ਼ੀ ਯਤਨ ਕੀਤਾ । ਐਥੋਂ ਤਕ ਭੀ ਕਿਹਾ ਕਿ ਇਹ ਸਿਖ ਧਰਮ ਜੋ ਹੈ ਇਹ ਕੁਫ਼ਰ ਤੇ ਨਾਸਤਕਤਾ ਦਾ ਪਰਚਾਰ ਕਰਦੇ ਹਨ; ਪਰ ਅਕਬਰ ਖ਼ੁਦ ਗੁਰੂ ਅਮਰਦਾਸ ਜੀ ਦਾ ਲੰਗਰ ਵੇਖ ਆਇਆ ਸੀ, ਉਸ ਦਾ ਮਨ ਨਾ ਮੰਨਿਆ । ਉਸ ਨੇ ਤਾਂ ਖ਼ੁਸ਼ ਹੋ ਕੇ ਲੰਗਰ ਲਈ ਜਗੀਰ ਲਾਉਣ ਦਾ ਭੀ ਜਤਨ ਕੀਤਾ ਸੀ । ਗੁਰੂ ਸਾਹਿਬ ਦੇ ਕਹਿਣ ਤੇ ਹਿੰਦੂਆਂ ਤੋਂ ਜਜ਼ੀਆ ਭੀ ਮੁਆਫ਼ ਕਰ ਦਿਤਾ ਸੀ ।

੧੬੦੫ ਈਸਵੀ ਨੂੰ ਅਕਬਰ ਆਗਰੇ ਮਰ ਗਿਆ ਤੇ ਉਸ ਦੇ ਬਾਅਦ ਇਸ ਦਾ ਵਡਾ ਲੜਕਾ ਸਲੀਮ—ਜਹਾਂਗੀਰ ਦੇ ਨਾਂ ਹੇਠ ਤਖ਼ਤ ਤੇ ਬੈਠਾ । ਸਲੀਮ ਰਜ ਕੇ ਸ਼ਰਾਬੀ ਤੇ ਪਰਲੇ ਦਰਜੇ ਦਾ ਐਸ਼-ਪ੍ਰਸਤ ਸੀ । ਅਕਬਰ ਨਹੀਂ ਸੀ ਚਾਹੁੰਦਾ ਕਿ ਸਲੀਮ ਤਖ਼ਤ ਤੇ ਬੈਠੇ, ਕਿਉਂਕਿ ਉਸ ਵਿਚ ਮਜ਼੍ਹਬੀ ਤੁਅੱਸਬ ਬਹੁਤ ਸੀ । ਅਕਬਰ ਆਪਣੇ ਪੋਤਰੇ ਖ਼ੁਸਰੋ ਨੂੰ ਤਖ਼ਤ ਤੇ ਬਿਠਾਉਣਾ ਚਾਹੁੰਦਾ ਸੀ, ਪਰ ਦਰਬਾਰੀਆਂ ਦੀ ਕੂਟਲ-ਨੀਤੀ ਨਾਲ ਸਲੀਮ ਤਖ਼ਤ ਤੇ ਬੈਠਣ ਵਿਚ ਸਫ਼ਲ ਹੋ ਗਿਆ । ਇਸ ਤੇ ਤਖ਼ਤ ਲਈ ਪਿਉ ਪੁੱਤਰ ਦਾ ਝਗੜਾ ਹੋ ਗਿਆ । ਖ਼ੁਸਰੋ ਨੇ ਬਗ਼ਾਵਤ ਕਰ ਦਿਤੀ, ਜਿਸ ਵਿਚ ਉਸ ਨੂੰ ਸਫ਼ਲਤਾ ਪ੍ਰਾਪਤ ਨਾ ਹੋਈ ਤੇ ਉਹ ਪੰਜਾਬ ਵਲ ਭੱਜ ਗਿਆ ।

ਜਹਾਂਗੀਰ ਨੇ ਈਰਖਾ ਦੀ ਅੱਗ ਵਿਚ ਅਕਬਰ ਵੇਲੇ ਦੇ ਬਹੁਤ ਸਾਰੇ ਸਿਆਣੇ ਨੀਤੀਵਾਨ ਦਰਬਾਰੀ ਇਸ ਲਈ ਕਤਲ ਕਰਵਾ ਦਿਤੇ ਕਿ ਉਹ ਉਸ ਦੇ ਪਿਤਾ ਨੂੰ ਹਮੇਸ਼ਾ ਗੁਮਰਾਹ ਕਰਦੇ ਰਹੇ ਹਨ । ਇਹ ਗੱਲਾਂ ਮੁੱਲਾਂ ਤੇ ਕਾਜ਼ੀਆਂ ਨੂੰ ਬਹੁਤ ਹੀ ਚੰਗੀਆਂ ਲੱਗੀਆਂ । ਉਹਨਾਂ ਬਾਦਸ਼ਾਹ ਦੇ ਖ਼ੂਬ ਕੰਨ ਭਰੇ ਤੇ ਇਸਲਾਮ ਦੇ ਵਾਧੇ ਲਈ ਪ੍ਰੇਰਿਆ ।

ਜਹਾਂਗੀਰ ਨੇ ਹਿੰਦੂਆਂ ਤੇ ਮੁੜ ਜਜ਼ੀਆ ਲਾ ਦਿਤਾ ਤੇ ਆਪਣੇ ਪਿਤਾ ਦੀਆਂ ਦਿਤੀਆਂ ਸਭ ਰਿਆਇਤਾਂ ਖੋਹ ਲਈਆਂ । ਗੁਰੂ ਨਾਨਕ ਦਾ ਘਰ ਉਸ ਦੀਆਂ ਅੱਖਾਂ ਵਿਚ ਕੰਡੇ ਦੀ ਤਰ੍ਹਾਂ ਰੜਕਦਾ ਸੀ । ਉਹ ਸਮਝਦਾ ਸੀ ਕਿ ਇਹ ਨਾਨਕ-ਸ਼ਾਹੀ ਲਹਿਰ ਇਸਲਾਮ ਦੇ ਰਸਤੇ ਵਿਚ ਵਡੀ ਸਾਰੀ ਰੁਕਾਵਟ ਹੈ, ਜਿਸ ਨੂੰ ਉਹ ਹਰ ਜਾਇਜ਼ ਨਾਜਾਇਜ਼ ਢੰਗ ਨਾਲ ਰਾਹ 'ਚੋਂ ਹਟਾਉਣਾ ਚਾਹੁੰਦਾ ਸੀ । ਇਸ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ 'ਤੁਜ਼ਕੇ ਜਹਾਂਗੀਰੀ' ਸਫ਼ਾ ੩੫ ਤੇ ਖ਼ੁਦ ਇਉਂ ਕਰਦਾ ਹੈ :

"ਦਰ ਗੋਇੰਦਵਾਲ ਕਿ ਬਰ ਕਿਨਾਰੇ ਦਰਿਆਏ ਬਿਆਹ ਵਾਕੇ ਅਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸੇ ਪੀਰੋ ਵਾ ਸ਼ੇਖ਼ੇ । ਚੁੰਨਾਚੇ ਬਸਿਆਰੇ ਅੱਜ਼ ਸਾਦਾ ਲੌਹਾਨੇ ਹਿੰਦੂ ਬਲਕੇ ਨਾਦਾਨੋ ਸਫ਼ਹਾਨੇ ਅਸਲਾਮ ਰਾ ਮਕੀਦੇ ਅਤਵਾਰੋ ਓਜ਼ਾਏ ਖ਼ੁਦ ਸਾਖ਼ਤਾ ਕੋਸੇ ਪੀਰੀ ਵਾ ਵਲਾਇਤ ਰਾ ਬਲੰਦ ਅਵਾਜ਼ਾ ਗਰਦਾਨੀਦਾ ਬੂਦ । ਊ ਰਾ ਗੁਰੂ ਮੇ ਗੁਫ਼ਤੰਦ ਵਾ ਅਜ਼ ਅਤਰਾਫ਼ ਵਾ ਜਵਾਨਬ ਗੋਲਾਨੋ ਗੋਲ ਪਰੱਸਤਾਂ ਬਦੂ ਰਜੂਅ ਆਵੁਰਦਾ ਇਤਕਾਦੇ ਤਮਾਮ ਬਾ-ਊ ਅਜ਼ਹਾਰ ਮੇ ਕਰਦੰਦ । ਅੱਜ਼ ਸੇਹ ਚਹਾਰ ਪੁਸ਼ਤ ਊ ਈਂ ਦੂਕਾਨ ਰਾ ਗਰਮ ਰੋ ਦਾਸ਼ਤੰਦ । ਮੁਦਤ-ਹਾ ਬਖ਼ਾਤਰ ਮੇ ਗੁਜ਼ੱਸ਼ਤ ਕਿ ਈਂ ਦੂਕਾਨੇ ਬਾਤਲ ਰਾ ਬਰਤਰਫ਼ ਬਾਏਦ ਸਾਖ਼ਤ । ਯਾ ਊ ਰਾ ਦਰ ਜਿਰਗਾ ਅਹਿਲੇ ਅਸਲਾਮ ਦਰ ਬਾਏਦ ਆਵੁਰਦ ।

"ਤਾਂ ਆਂਕਿ ਦਰੀਂ ਅਯਾਮ ਖ਼ੁਸਰੋ ਅਜ਼ਾਂ ਰਾਹ ਅਬੂਰ ਮੇ ਨਮੂਦ । ਈਂ ਮਰਦਕੇ ਮਜਹੂਲ ਅਰਾਦਾ ਕਰਦ ਕਿ ਮਲਾਜ਼ਮਤੇ ਊ ਦਰਿਯਾਬਦ । ਦਰ ਮਨਜ਼ਲੇ ਕਿ ਜਾਉ ਮਕਾਮੇ ਊ ਬੂਦ । ਖ਼ੁਸਰੋ ਰਾ ਨਜ਼ੂਲ ਉਫ਼ਤਾਦ । ਆਮਦਾ ਊ ਰਾ ਦੀਦ ਵਾ ਬਾਅਜ਼ੇ ਮੁਕੱਦਮਾਤ ਫ਼ਰਾਯਾਫ਼ਤਾ ਬਾ-ਊ ਰਸਾਨੀਦ ਵਾ ਬਰ ਪੇਸ਼ਾਨੀ ਊ ਅੰਗੁਸ਼ੱਤੇ ਅੱਜ਼ ਜ਼ਾਫ਼ਰਾਨ ਕਿ ਬਹਿ ਅਸਤਲਾਏ ਹਿੰਦੂਆਂ ਕਿਸ਼ਕਾ ਗੋਇੰਦ ਕਸ਼ੀਦ ਵਾ ਆਂ ਰਾ ਸ਼ਗੁਨ ਮੇ ਦਾਨੰਦ ।



www.AKJ.Org

"ਚੂੰ ਈਂ ਮੁਕੱਦਮਾ ਬਮਸਾਮੇਅ ਜਾਹ ਓ ਜਲਾਲ ਮੇ ਰਸਦ ਵਾ ਬਿਤਲਾਨ ਊ ਰਾ ਬਵੱਜਾ ਅਕਮਲ ਮੇ ਦਾਨਿਸਤਮ । ਅਮਰ ਕਰਦਮ ਕਿ ਊ ਰਾ ਹਾਜ਼ਰ ਸਾਖ਼ਤੰਦ ਵਾ ਮਸਾਕਨ ਵਾ ਮਨਾਜ਼ਲ ਵਾ ਫ਼ਰਜ਼ੰਦਾਨੇ ਊ ਰਾ ਬਾ ਮੁਰਤਜ਼ਾ ਖ਼ਾਨ ਅਨਾਇਤ ਨਮੂਦਮ ਵਾ ਅਸਬਾਬ ਵਾ ਅਮਵਾਲੇ ਊ ਰਾ ਬਕੈਦੇ ਜ਼ਬਤ ਦਰ ਆਵਰਦਾ, ਫ਼ਰਮੂਦਮ ਕਿ ਊ ਰਾ ਬਾ ਸਿਆਸਤ ਵਾ ਬਯਾਸਾ ਰਸਾਨੰਦ ।"

**ਪੰਜਾਬੀ ਉਲਥਾ :—**

"ਗੋਇੰਦਵਾਲ ਵਿਚ, ਜੋ ਕਿ ਦਰਿਆ ਬਿਆਸ ਦੇ ਕੰਢੇ ਤੇ ਵਾਕਿਆ ਹੈ, ਪੀਰਾਂ ਫ਼ਕੀਰਾਂ ਦੇ ਭੇਸ ਵਿਚ ਅਰਜਨ ਨਾਂ ਦਾ ਇਕ ਹਿੰਦੂ ਸੀ । ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਨੂੰ ਨਹੀਂ, ਸਗੋਂ ਕਈ ਬੇਸਮਝ ਮੁਸਲਮਾਨਾਂ ਨੂੰ ਭੀ ਆਪਣੇ ਢੰਗ ਤ੍ਰੀਕਿਆਂ ਤੇ ਉਪਦੇਸ਼ਾਂ ਦਾ ਸਿਦਕੀ ਬਣਾ ਕੇ ਆਪਣੀ ਪੀਰੀ (ਵਡਿਆਈ) ਅਤੇ ਰੱਬ ਨਾਲ ਨਜ਼ਦੀਕੀ ਦਾ, ਅਥਵਾ ਪੀਰ ਤੇ ਵਲੀ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ । ਲੋਕ ਉਸ ਨੂੰ ਗੁਰੂ ਆਖਦੇ ਸਨ ਅਤੇ ਸਾਰਿਆਂ ਪਾਸਿਆਂ ਤੋਂ ਮੂਰਖ ਅਤੇ ਮੂਰਖਾਂ ਦੇ ਪੁਜਾਰੀ ਲੋਕ ਉਸ ਦੇ ਉਦਾਲੇ ਆ ਜੁੜਦੇ ਸਨ । ਤਿੰਨਾ ਚਹੁੰ ਪੀੜ੍ਹੀਆਂ ਤੋਂ ਉਨ੍ਹਾਂ ਨੇ ਇਹ ਦੁਕਾਨ ਗਰਮ ਰਖੀ ਹੋਈ ਸੀ । ਮੁਦਤਾਂ ਤੋਂ ਮੇਰੇ ਦਿਲ ਵਿਚ ਖ਼ਿਆਲ ਆਇਆ ਕਰਦਾ ਸੀ ਕਿ ਜਾਂ ਤਾਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਤੇ ਜਾਂ ਉਸ ਨੂੰ ਮੁਸਲਮਾਨੀ ਮਤ ਵਿਚ ਲਿਆਉਣਾ ਚਾਹੀਦਾ ਹੈ ।

ਇਹਨਾਂ ਦਿਨਾਂ ਵਿਚ ਹੀ ਖ਼ੁਸਰੋ ਦਰਿਆ ਪਾਰ ਹੋਇਆ । ਜਾਹਲ ਤੇ ਹਕੀਰ ਖ਼ੁਸਰੋ ਨੇ ਉਸ (ਗੁਰੂ ਅਰਜਨ) ਪਾਸ ਪੜਾ ਕੀਤਾ । ਉਸ ਨਾਲ ਮਿਲ ਕੇ ਕਈ ਗਿਣੀਆਂ ਮਿਥੀਆਂ ਗੱਲਾਂ ਭੀ ਕੀਤੀਆਂ । ਤੇ ਉਸ (ਗੁਰੂ ਅਰਜਨ) ਨੇ ਕੇਸਰ ਦਾ ਤਿਲਕ ਭੀ ਖ਼ੁਸਰੋ ਨੂੰ ਲਾਇਆ, ਜਿਸ ਨੂੰ ਹਿੰਦੂ ਲੋਕ ਚੰਗਾ ਸ਼ਗਨ ਕਹਿੰਦੇ ਹਨ । ਮੈਂ ਇਸ ਦੇ ਪਾਜ ਨੂੰ ਅਗੇ ਹੀ ਚੰਗੀ ਤਰ੍ਹਾਂ ਜਾਣਦਾ ਸੀ । ਜਦੋਂ ਮੈਂ ਇਹ ਸੁਣਿਆ ਤਾਂ ਇਹ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ, ਉਸ ਦੇ ਘਰ ਬਾਰ ਤੇ ਅਸਬਾਬ ਨੂੰ ਜ਼ਬਤ ਕਰ ਕੇ ਉਸ ਦੇ ਬੱਚਿਆਂ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕੀਤਾ ਜਾਵੇ । ਉਸ ਨੂੰ ਡਰਾ ਧਮਕਾ ਕੇ ਯਾਸਾ ਵਿਧੀ ਅਨੁਸਾਰ ਜਾਨੋਂ ਮਾਰ ਦਿਤਾ ਜਾਵੇ ।"

ਉਪਰੋਕਤ ਲਿਖਤ ਨੂੰ ਪੜ੍ਹ ਕੇ ਅਸੀਂ ਸਹਿਜੇ ਹੀ ਸਮਝ ਸਕਦੇ ਹਾਂ ਕਿ ਜਹਾਂਗੀਰ ਗੁਰੂ ਸਾਹਿਬ ਦੇ ਮਿਸ਼ਨ ਨੂੰ ਝੂਠ ਦੀ ਦੁਕਾਨ ਸਮਝਦਾ ਸੀ, ਜਿਸ ਦੀ ਲਪੇਟ ਵਿਚ ਉਸ ਦੇ ਕਈ ਦੀਨੀ ਭਾਈ ਮੁਸਲਮਾਨ ਭੀ ਆ ਰਹੇ ਸਨ । ਉਹ ਤਾਂ ਬਹਾਨਾ ਭਾਲ ਰਿਹਾ ਸੀ ਕਿ ਕਿਵੇਂ ਉਹ ਗੁਰੂ ਅਰਜਨ ਦੇਵ ਨੂੰ ਫੜੇ ਤੇ ਇਸ ਦੁਕਾਨ ਨੂੰ ਬੰਦ ਕਰੇ । ਚੁਨਾਚਿ ਖ਼ੁਸਰੋ ਦੇ ਮੇਲ ਨੂੰ ਰਾਜਨੀਤਕ ਰੰਗਤ ਦੇ ਕੇ ਉਸ ਨੇ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿਤਾ ।

ਹੁਣ ਅਸੀਂ ਪੁਰਾਣੇ ਇਤਿਹਾਸਕ ਖੋਜੀਆਂ ਦੇ ਹਵਾਲੇ ਦੇ ਕੇ ਸਾਬਤ ਕਰਨਾ ਹੈ ਕਿ ਕਿਸ ਕਿਸ ਵਿਅੱਕਤੀ ਨੇ ਕਮੀਨੀਆਂ ਹਰਕਤਾਂ ਕਰ ਕੇ ਗੁਰੂ ਸਾਹਿਬ ਦੀ ਸ਼ਹਾਦਤ ਵਿਚ ਹਿੱਸਾ ਪਾਇਆ ਅਤੇ ਗੁਰੂ ਸਾਹਿਬ ਨੇ ਸ਼ਹਾਦਤ ਦੇ ਕੇ ਸੰਸਾਰ ਪ੍ਰਤੀ ਸਾਬਤ ਕਰ ਦਿਤਾ ਕਿ ਗੁਰੂ ਨਾਨਕ ਦੇਵ ਦੀ ਚਲਾਈ ਹੋਈ ਲਹਿਰ (ਦੁਕਾਨ) ਸੱਚੀ ਹੈ ।

ਇਹ ਪਿਛੇ ਆ ਚੁਕਿਆ ਹੈ ਕਿ ਬ੍ਰਾਹਮਣ ਤੇ ਮੁੱਲਾਂ ਗੁਰੂ ਜੀ ਦੇ ਉਪਦੇਸ਼ ਦੇ ਉਲਟ ਸਨ ਅਤੇ ਬਾਬਾ ਪ੍ਰਿਥੀ ਚੰਦ, ਗੁਰੂ ਜੀ ਦਾ ਵਡਾ ਭਾਈ ਗੱਦੀ ਨਾ ਮਿਲਣ ਕਰਕੇ ਕੱਟੜ ਵਿਰੋਧੀ ਸੀ । ਹੁਣ ਉਹਨਾਂ ਨੂੰ ਜਹਾਂਗੀਰ ਦੇ ਗੁੱਸੇ ਦੇ ਸਮੇਂ ਵਿਚ ਆਪਣੇ ਦਿਲ ਦੇ ਭੜਾਸ ਕਢਣ ਦਾ ਮੌਕਾ ਮਿਲ ਗਿਆ । ਉਨ੍ਹਾਂ ਬਾਦਸ਼ਾਹ ਨੂੰ ਯਕੀਨ ਕਰਾ ਦਿਤਾ ਕਿ ਖ਼ੁਸਰੋ ਨੂੰ ਪਨਾਹ ਤੇ ਸਹਾਇਤਾ ਠੀਕ ਗੁਰੂ ਅਰਜਨ ਦੇਵ ਨੇ ਹੀ ਦਿਤੀ ਹੈ ।

ਮੁਸਲਮਾਨ ਹਿੰਦੂਆਂ ਦੇ ਦੋਖੀ ਸਨ ਤੇ ਜਰਵਾਣੇ ਭੀ । ਉਹ ਕਿਸੇ ਭੀ ਜ਼ੁਲਮ ਜਾਂ ਧਕੇਸ਼ਾਹੀ ਕਰਨ ਨੂੰ ਬੁਰਾ ਨਹੀਂ ਸਨ ਸਮਝਦੇ । ਏਧਰ ਗੁਰੂ ਸਾਹਿਬ "ਸਿਖੀ ਸ਼ਰਧਾ" ਮੁਸਲਮਾਨਾਂ ਵਿਚ ਵੀ ਫੈਲਾਈ ਜਾਂਦੇ



www.AKJ.Org

ਸਨ । ਚੰਦੂ ਅੱਡ ਆਪਣੇ ਸੁਆਰਥ ਲਈ ਪਿਟ ਰਿਹਾ ਸੀ । ਉਸ ਦੀ ਧੀ ਦਾ ਕੋਈ ਰਿਸ਼ਤਾ ਨਹੀਂ ਸੀ ਲੈਂਦਾ । ਝੂਠੀਆਂ ਗੱਲਾਂ ਸੱਚੀਆਂ ਵੀ ਹੋ ਜਾਇਆ ਕਰਦੀਆਂ ਹਨ ਜਦੋਂ ਖ਼ੂਬ ਮਸਾਲੇ ਲਾ ਕੇ ਰੰਗਣ ਦਿਤੀ ਜਾਵੇ, ਜਿਹਾ ਕਿ ਗੁਰੂ ਜੀ ਨੇ ਖ਼ੁਸਰੋ ਲਈ ਦੁਆ ਮੰਗੀ ਇਤਿ ਆਦਿਕ । ਚੰਦੂ ਬਾਰੇ ਏਥੇ ਲਿਖਣਾ ਜ਼ਰੂਰੀ ਹੈ ਕਿ ਉਹ ਕੌਣ ਸੀ ਤੇ ਗੁਰੂ ਸਾਹਿਬ ਬਾਰੇ ਉਸ ਨੇ ਕੀ ਕੀਤਾ ।

## ਚੰਦੂ ਕੌਣ ਸੀ ?

ਚੰਦੂ ਲਾਲ ਜ਼ਿਲਾ ਗੁਰਦਾਸਪੁਰ ਪਿੰਡ ਰੁਹੇਲੇ ਦਾ ਰਹਿਣ ਵਾਲਾ ਸਰੋਹੀਆ ਗੋਤ ਦਾ ਖੱਤਰੀ ਸੀ। ਅਮੀਰ ਘਰਾਣੇ ਦਾ ਹੋਣ ਕਰਕੇ ਫ਼ਾਰਸੀ ਤੇ ਹਿੰਦੂ ਸ਼ਾਸਤਰਾਂ ਦੀ ਵਿਦਿਆ ਦਾ ਚੰਗਾ ਜਾਣੂ ਸੀ ਤੇ ਸਮੇਂ ਦੀ ਮੁਗਲ ਬਾਦਸ਼ਾਹੀ ਦੇ ਰਾਜਸੀ ਕਾਨੂੰਨਾਂ ਬਾਰੇ ਕਾਫ਼ੀ ਵਾਕਫ਼ੀਅਤ ਰਖਦਾ ਸੀ । ਅੱਜ ਕਲ੍ਹ ਦੀ ਭਾਸ਼ਾ ਅਨੁਸਾਰ ਇਹ ਇਕ ਵਕੀਲ ਸੀ । ਚੰਗੀ ਲਿਆਕਤ ਵਾਲਾ ਜਾਣ ਕੇ ਲਾਹੌਰ ਸੂਬੇ ਦੇ ਨਜ਼ਰੀਂ ਪੈ ਗਿਆ ਤੇ ਸਰਕਾਰੀ ਮੁਲਾਜ਼ਮਤ ਵਿਚ ਲੈ ਲਿਆ ਗਿਆ ।

ਪਰਚੱਲਤ ਹਿੰਦੂ ਰੀਤੀ ਅਨੁਸਾਰ ਚੰਦੂ ਨੇ ਆਪਣੀ ਧੀ ਦਾ ਸਾਕ ਕਰਨ ਲਈ ਨਾਈ ਬ੍ਰਾਹਮਣ ਭੇਜੇ । ਸਿਖ ਇਤਿਹਾਸ ਲਿਖਦਾ ਹੈ ਕਿ ਉਹ ਨਾਈ ਬ੍ਰਾਹਮਣ ਫਿਰਦੇ ਫਿਰਾਂਦੇ ਅੰਮ੍ਰਿਤਸਰ ਆ ਪੁਜੇ ਤੇ ਗੁਰੂ ਅਰਜਨ ਦੇਵ ਜੀ ਦੇ ਸਾਹਿਬਜ਼ਾਦੇ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਸ਼ਗਨ ਪਾ ਗਏ । ਚੰਦੂ ਨੂੰ ਇਹ ਜੋੜ ਪਸੰਦ ਨਾ ਆਇਆ । ਚੰਦੂ ਆਪਣੇ ਆਪ ਨੂੰ ਬਹੁਤ ਵਡਾ ਸਮਝਦਾ ਸੀ । ਉਹ ਬ੍ਰਾਹਮਣਾਂ ਨੂੰ ਬਹੁਤ ਗੁੱਸੇ ਹੋਇਆ ਕਿ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ ।

ਗੁਰੂ ਨਾਨਕ ਦੇਵ ਜੀ ਦੇ ਘਰ ਦੀ ਨਿਰਾਦਰੀ ਦੀ ਖ਼ਬਰ ਜਦ ਸੰਗਤ ਦੁਆਰਾ ਗੁਰੂ ਅਰਜਨ ਦੇਵ ਜੀ ਨੂੰ ਪੁਜੀ ਤਾਂ ਗੁਰੂ ਸਾਹਿਬ ਨੇ ਐਹੋ ਜਹੇ ਹੈਂਕੜ-ਬਾਜ਼ ਨਾਲ ਸਾਂਝ ਪਾਉਣ ਤੋਂ ਇਨਕਾਰ ਕਰ ਦਿਤਾ। ਇਸ ਤਰ੍ਹਾਂ ਆਪਣੀ ਹੀ ਮੰਦੀ ਕਰਤੂਤ ਦਾ ਮਾਰਿਆ ਹੋਇਆ ਚੰਦੂ ਗੁਰੂ ਸਾਹਿਬ ਦਾ ਵਡਾ ਵੈਰੀ ਬਣ ਬੈਠਾ । ਉਸ ਨੇ ਹੋਰ ਭੀ ਮੁਸਲਮਾਨ ਅਫ਼ਸਰਾਂ ਦੇ ਦਿਲਾਂ ਵਿਚ ਗੁਰੂ ਸਾਹਿਬ ਦੇ ਬਰਖ਼ਿਲਾਫ਼ ਜ਼ਹਿਰ ਭਰ ਦਿਤਾ ।

ਖ਼ੁਸਰੋ ਨੂੰ ਤਿਲਕ ਲਾਉਣ ਦੀ ਝੂਠੀ ਕਹਾਣੀ ਜੋ ਪਿਛੇ ਆ ਚੁਕੀ ਹੈ, ਇਹ ਭੀ ਝੂਠੀ ਮਨਘੜਤ ਊਜ ਗੁਰੂ ਸਾਹਿਬ ਤੇ ਲਾਈ ਗਈ ਸੀ । ਗੁਰੂ-ਘਰ ਦੀ ਇਹ ਮਰਯਾਦਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਲੀ ਆ ਰਹੀ ਹੈ ਕਿ ਤਿਲਕ ਗੁਰੂ ਸਾਹਿਬ ਆਪਣੇ ਜਾ-ਨਸ਼ੀਨ ਭਾਵ ਜਿਹੜਾ ਸਤਿਗੁਰੂ ਜੀ ਤੋਂ ਬਾਅਦ ਗੁਰੂ ਹੋਵੇਗਾ, ਉਸ ਨੂੰ ਲਾਉਂਦੇ ਸਨ । ਉਹ ਸਨ ਗੁਰੂ ਹਰਿ ਗੋਬਿੰਦ ਸਾਹਿਬ । ਖ਼ੁਸਰੋ ਦੇ ਤਾਂ ਤਿਲਕ ਲਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਤੀਸਰੀ ਪਾਤਸ਼ਾਹੀ ਪਾਸ ਕਈ ਰਾਜੇ ਦਰਸ਼ਨਾਂ ਨੂੰ ਆਏ ਸਨ, ਉਹਨਾਂ ਦੇ ਭੀ ਤਿਲਕ ਨਹੀਂ ਲਾਇਆ । ਅਕਬਰ ਦੇ ਤਿਲਕ ਨਾ ਲਾ ਦਿਤਾ । ਇਹ ਇਕ ਮਨਘੜਤ ਬਨਾਉਟੀ ਗੱਲ ਹੈ ਜਿਸ ਦਾ ਗੁਰੂ-ਘਰ ਦੇ ਨਾਲ ਨੇੜ ਦਾ ਭੀ ਵਾਸਤਾ ਨਹੀਂ ਹੋ ਸਕਦਾ ।

ਜਹਾਂਗੀਰ ਆਪਣੀ ਜੀਵਨੀ ਵਿਚ ਇਕ ਥਾਂ ਲਿਖਦਾ ਹੈ ਕਿ ਜਦੋਂ ਖ਼ੁਸਰੋ ਉਸ ਸੜਕੇ ਲੰਘਿਆ, ਜਿਥੇ ਅਰਜਨ ਨਾਮੇ ਹਿੰਦੂ ਰਹਿੰਦਾ ਸੀ, ਤਾਂ ਗੁਰੂ ਨੇ ਖ਼ੁਸਰੋ ਨਾਲ ਖ਼ਾਸ ਵਰਤਾਉ ਕੀਤਾ—ਮੱਥੇ ਤੇ ਕੇਸਰ ਦਾ ਨਿਸ਼ਾਨ ਕੀਤਾ, ਜਿਸ ਨੂੰ ਹਿੰਦੂ ਕਿਸ਼ਕਾ (ਤਿਲਕ) ਕਹਿ ਕੇ ਚੰਗਾ ਸ਼ਗਨ ਦਸਦੇ ਹਨ । ਜਦੋਂ ਇਹ ਖ਼ਬਰ ਮੇਰੇ ਕੰਨੀਂ ਪਈ, ਮੈਂ ਉਸ ਦਾ ਸਾਰਾ ਭਾਵ ਸਮਝ ਗਿਆ ਕਿ ਇਹ ਮੇਰੇ ਬਰਖ਼ਿਲਾਫ਼ ਇਕ ਖੁਲ੍ਹੀ ਬਗ਼ਾਵਤ ਹੈ ਤੇ ਮੈਨੂੰ ਬੁਲਾਵਾ ਹੈ ਕਿ ਮੈਂ ਕੁਝ ਭੀ ਨਹੀਂ । ਮੇਰੇ ਗੁੱਸੇ ਦੀ ਅੱਗ ਐਨੀ ਭੜਕ ਉਠੀ ਕਿ ਮੈਂ ਯਾਸਾ ਸ਼ਰੀਅਤ ਅਨੁਸਾਰ ਮਾਰ ਦੇਣ ਦਾ ਹੁਕਮ ਜਾਰੀ ਕਰ ਦਿਤਾ । ਉਸ ਦਾ ਘਰ ਬਾਰ ਲੁਟ ਲਿਆ ਜਾਵੇ ਤੇ ਇਸਲਾਮ ਦੇ ਦੁਸ਼ਮਨ ਨੂੰ ਸਦਾ ਲਈ ਖ਼ਤਮ ਕਰ ਦਿਤਾ ਜਾਵੇ ।

ਇਹ ਉਸ ਦੀ ਦੂਜੀ ਲਿਖਤ ਸਾਬਤ ਕਰਦੀ ਹੈ ਕਿ ਉਹ ਮਜ਼ੂਬੀ ਤੁਅੱਸਬ ਵਿਚ ਕਿੰਨਾ ਗ਼ਰਕ ਹੋ ਚੁਕਾ



www.AKJ.Org

ਸੀ । ਉਹ ਕਾਜ਼ੀਆਂ ਮੁਲਾਣਿਆਂ, ਜਾਂ ਝੂਠੇ ਚੁਗਲ-ਖ਼ੋਰ ਮੁਖ਼ਬਰਾਂ ਪਾਸੋਂ ਸੰਤਾਂ ਮਹਾਤਮਾਂ ਬਾਰੇ ਝੂਠੀਆਂ ਗੱਲਾਂ ਸੁਣ ਕੇ ਅੱਗ-ਬਗੋਲਾ ਹੋ ਜਾਂਦਾ ਸੀ, ਐਥੋਂ ਤਕ ਕਿ ਘਰ ਬਾਰ ਲੁਟਣ ਤੇ ਕਤਲ ਕਰਨ ਦੇ ਹੁਕਮ ਜਾਰੀ ਕਰ ਦਿੰਦਾ ਸੀ । ਇਹ ਜਹਾਂਗੀਰ ਦਾ ਬੇਹੂਦਾ ਜੋਸ਼ ਸੀ । ਇਸ ਮਜ਼੍ਹਬੀ ਜੋਸ਼ ਤੋਂ ਗੁਰੂ ਘਰ ਦੇ ਦੁਸਮਨਾਂ ਨੇ ਫ਼ਾਇਦਾ ਉਠਾ ਕੇ ਬਲਦੀ ਤੇ ਖ਼ੂਬ ਤੇਲ ਪਾਇਆ ਅਤੇ ਉਸ ਨੂੰ ਹੋਰ ਭੜਕਾਇਆ ।

ਐਪਰ ਜ਼ਹਾਂਗੀਰ ਇਸ ਗੱਲ ਨੂੰ ਮੰਨਦਾ ਹੈ ਕਿ ਉਸ ਨੇ ਸਾਰੇ ਮਾਮਲੇ ਦੀ ਪੜਤਾਲ ਨਹੀਂ ਕੀਤੀ । ਜਦ ਉਹ ਇਹ ਖ਼ੁਦ ਲਿਖਦਾ ਹੈ ਤਾਂ ਉਸ ਪਾਸੋਂ ਇਨਸਾਫ ਦੀ ਕੀ ਆਸ ਹੋ ਸਕਦੀ ਸੀ, ਜਿਸ ਨੇ ਸੁਣੀਆਂ ਗੱਲਾਂ ਤੇ ਇਤਬਾਰ ਕਰ ਕੇ ਸਭਯਤਾ-ਹੀਨ ਸ਼ਾਹੀ ਹੁਕਮ ਜਾਰੀ ਕਰ ਦਿਤਾ ।

## ਵਿਚਾਰ ਦੀ ਗੱਲ –

ਦਬਿਸਤਾਨੇ ਮਜ਼ਾਹਬ ਦਾ ਕਰਤਾ ਖ਼ਾਫ਼ੀ ਖ਼ਾਨ ਜਹਾਂਗੀਰ ਬਾਰੇ ਇਉਂ ਲਿਖਦਾ ਹੈ : ਜਹਾਂਗੀਰ ਜਾਣਦਾ ਸੀ ਕਿ ਖ਼ੁਸਰੋ ਦੇ ਹਮੈਤੀਆਂ ਨੂੰ ਸਜ਼ਾਵਾਂ ਦਿਤੀਆਂ ਜਾ ਚੁਕੀਆਂ ਹਨ । ਪਰ ਤਖ਼ਤ ਹਾਸਲ ਕਰਨ ਵੇਲੇ ਉਸ ਨੇ ਕਾਜ਼ੀਆਂ ਨੂੰ ਇਹ ਬਚਨ ਦਿਤਾ ਸੀ ਕਿ ਉਹ ਇਸਲਾਮ ਦੀ ਰਾਖੀ ਕਰੇਗਾ । ਮਾਝੇ ਵਿਚ ਸਿਖ ਧਰਮ ਦਾ ਫੈਲਣਾ ਕਾਜ਼ੀਆਂ ਤੇ ਪੰਡਤਾਂ ਦੀਆਂ ਅੱਖਾਂ ਵਿਚ ਚੁਭ ਰਿਹਾ ਸੀ । ਉਹਨਾਂ ਦੀ ਰੋਟੀ ਦਾ ਸੁਆਲ ਸੀ । ਜਹਾਂਗੀਰ ਅਗੇ ਹੀ ਸਿਖ ਧਰਮ ਦਾ ਵੈਰੀ ਤੇ ਕਟੜ ਵਿਰੋਧੀ ਸੀ । ਉਹ ਕੋਈ ਬਹਾਨਾ ਢੂੰਢ ਰਿਹਾ ਸੀ ਕਿ ਮੈਂ ਕਿਵੇਂ ਗੁਰੂ ਸਾਹਿਬ ਨੂੰ ਹੱਥ ਪਾਵਾਂ । ਖ਼ੁਸਰੋ ਦੀ ਬਗ਼ਾਵਤ ਉਸ ਵਾਸਤੇ ਦਰਗਾਹੋਂ ਬਹਾਨਾ ਬਣ ਕੇ ਆਈ । ਜਹਾਂਗੀਰ ਨੇ ਇਸੇ ਗੱਲ ਨੂੰ ਮੁਖ ਰਖ ਕੇ (ਗੁਰੂ) ਅਰਜਨ (ਦੇਵ ਜੀ) ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿਤਾ ।

ਇਸੇ ਇਤਿਹਾਸਕਾਰ ਦੇ ਕਥਨ ਅਨੁਸਾਰ ਗੁਰੂ ਸਾਹਿਬ ਅੰਮ੍ਰਿਤਸਰ ਰਹਿੰਦੇ ਸਨ ਜਾਂ ਗੋਇੰਦਵਾਲ, ਉਹ ਜਹਾਂਗੀਰ ਨੂੰ ਝੂਠਾ ਕਰਦਾ ਹੈ ਕਿ ਉਸ ਦੀ ਇਸ ਕਰਤੂਤ ਨੇ ਇਸਲਾਮ ਦੇ ਨਾਂ ਤੇ ਕਾਲਾ ਧੱਬ ਲਾਇਆ ਹੈ ।

ਇਹ ਗੱਲ ਇਤਿਹਾਸਕ ਤੌਰ ਤੇ ਉੱਕਾ ਹੀ ਨਿਰਮੂਲ ਹੈ । ਗੋਇੰਦਵਾਲ ਵਿਚ ਗੁਰੂ ਰਾਮਦਾਸ ਜੀ ਰਹੇ ਸਨ । ਉਹਨਾਂ ਦੇ ਜੋਤੀ-ਜੋਤਿ ਸਮਾਉਣ ਦੇ ਸਮੇਂ ਗੁਰੂ ਅਰਜਨ ਦੇਵ ਜੀ ਗੁਰੂ ਕੇ ਚੱਕ ਆ ਗਏ ਸਨ । ਸਿਰਫ਼ ਗੁਰੂ ਜੀ ਨੇ ਤਿਲਕ ਤੇ ਗੁਰ-ਗੱਦੀ ਸ੍ਰੀ ਅਰਜਨ ਦੇਵ ਜੀ ਨੂੰ ਗੋਇੰਦਵਾਲ ਦਿਤੀ ਸੀ । ਗੁਰੂ ਕੇ ਚੱਕ ਪੁੱਜ ਕੇ ਉਹਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਕਾਲੀ ਬਾਣੀ ਦਾ ਸੰਗ੍ਰਹਿ ਤੇ ਸ੍ਰੀ ਹਰਿਮੰਦਰ ਸਾਹਿਬ ਸਰੋਵਰ ਆਦਿਕ ਬਣਾਏ । ਸਭ ਹੀ ਇਤਿਹਾਸਕਾਰਾਂ ਨੇ ਗੁਰੂ ਜੀ ਦੀ ਗ੍ਰਿਫ਼ਤਾਰੀ ਅੰਮ੍ਰਿਤਸਰ ਤੋਂ ਹੀ ਲਿਖੀ ਹੈ । ਪਰ ਜਹਾਂਗੀਰ ਦੀ ਇਹ ਲਿਖਤ ਕਿ ਅਰਜਨ ਨਾਮੇ ਹਿੰਦੂ ਦਰਿਆਏ ਬਿਆਸ ਦੇ ਕਿਨਾਰੇ ਰਹਿੰਦਾ ਹੈ, ਸਿਧ ਕਰਦੀ ਹੈ ਕਿ ਉਸ ਨੂੰ ਇਹ ਭੀ ਪਤਾ ਨਹੀਂ ਸੀ ਕਿ ਗੁਰੂ ਜੀ ਰਹਿੰਦੇ ਕਿਥੇ ਹਨ ? ਉਹ ਸੁਣੀਆਂ ਸੁਣਾਈਆਂ ਗੱਲਾਂ ਨੂੰ ਸੱਚ ਮੰਨ ਕੇ ਪਹਿਲੋਂ ਹੀ ਫ਼ੈਸਲੇ ਕਰ ਚੁਕਿਆ ਸੀ । ਇਹ ਸੀ ਅਦਲੇ-ਜਹਾਂਗੀਰ ਦੀ ਜ਼ੰਜੀਰ ਦੀ ਝਲਕੀ, ਜਿਹੜੀ ਕਿ ਤਵਾਰੀਖ਼ ਵਿਚ ਮਸ਼ਹੂਰ ਹੈ ।

**ਇਕ ਹੋਰ ਵਿਚਾਰ ਦੀ ਗੱਲ !** ਜਹਾਂਗੀਰ ਲਿਖਦਾ ਹੈ ਕਿ ਜਦੋਂ ਇਹ ਗੱਲ ਮੇਰੇ ਕੰਨੀਂ ਪਈ ਤਾਂ ਮੈਂ ਅਗੇ ਹੀ ਉਸ ਦੇ ਝੂਠ ਤੇ ਕੁਫ਼ਰ ਨੂੰ ਜਾਣਦਾ ਸਾਂ । ਮੈਂ ਹੁਕਮ ਦਿਤਾ ਕਿ ਅਰਜਨ ਨੂੰ ਗ੍ਰਿਫ਼ਤਾਰ ਕਰ ਕੇ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ ।

ਹੁਕਮ ਜਾਰੀ ਕਰਦਾ ਹੈ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰ ਕੇ ਆਪਣੇ ਸਾਹਮਣੇ ਪੇਸ਼ ਕੀਤੇ ਜਾਣ ਦਾ, ਪਰ ਗੁਰੂ ਜੀ ਦੀ ਗ੍ਰਿਫ਼ਤਾਰੀ ਤੇ ਪੇਸ਼ੀ ਤੋਂ ਪਹਿਲਾਂ ਹੀ ਉਹਨਾਂ ਦਾ ਮਾਮਲਾ ਆਪਣੇ ਅਹਿਲ-ਕਾਰ ਚੰਦੂ ਦੇ ਹਵਾਲੇ ਕਰ ਕੇ ਕਸ਼ਮੀਰ ਨੂੰ ਚਲਾ ਜਾਂਦਾ ਹੈ । ਪਿਛੇ ਜ਼ਿਕਰ ਆ ਚੁਕਾ ਹੈ ਕਿ ਯਾਸਾ ਦੀ ਰਸਮ ਚੰਦੂ ਨੂੰ ਚੰਗੀ ਤਰ੍ਹਾਂ ਪਤਾ ਸੀ । ਇਸੇ ਲਈ ਚੰਦੂ ਨੂੰ ਗੁਰੂ ਸਾਹਿਬ ਨੂੰ ਸਜ਼ਾ ਦੇਣ ਦਾ ਕੰਮ ਸੌਂਪਿਆ ਗਿਆ । ਉਸ ਨੂੰ ਤਾਂ ਗੁਰੂ ਜੀ ਨਾਲ ਅਗੇ ਹੀ ਵੈਰ ਸੀ ।



www.AKJ.Org

**ਇਕ ਹੋਰ ਉਦਾਹਰਨ ਪੜ੍ਹੋ** :ਜੋ ਉਸ ਦੇ ਰੋਜ਼ਨਾਮਚੇ 'ਚੋਂ ਮਿਲਦੀ ਹੈ :—

ਜਹਾਂਗੀਰ ਖ਼ੁਸਰੋ ਦਾ ਪਿੱਛਾ ਕਰਨ ਲਈ ਆਗਰੇ ਤੋਂ ਪੰਜਾਬ ਨੂੰ ਚਲਦਾ ਹੈ । ਰਸਤੇ ਵਿਚ ਜੋ ਵੀ ਖ਼ੁਸਰੋ ਦਾ ਹਮੈਤੀ ਮਿਲਿਆ, ਕਤਲ ਕਰ ਦਿਤਾ ਗਿਆ । ਜਿਥੇ ਕਿਤੇ ਵੀ ਜਹਾਂਗੀਰ ਨੂੰ ਪਤਾ ਲਗਦਾ ਹੈ ਕਿ ਇਸ ਨੇ ਖ਼ੁਸਰੋ ਦੀ ਮਦਦ ਜਾਂ ਸਤਿਕਾਰ ਕੀਤਾ ਹੈ, ਜਹੰਨਮ ਪਹੁੰਚਾਇਆ ਜਾਂਦਾ ਹੈ । ਜ਼ੁਲਮ ਦੀ ਹੱਦ ਟਪ ਜਾਂਦੀ ਹੈ । ਜਹਾਂਗੀਰ ੧੭ ਜ਼ੀਅੱਲ ਹੱਜ ਨੂੰ ਗੋਇੰਦਵਾਲ ਪੁਜਦਾ ਹੈ ।

ਅਤੇ ਜਹਾਂਗੀਰ ਖ਼ੁਦ ਲਿਖਦਾ ਹੈ, "ਸ਼ੇਖ਼ ਨਿਜ਼ਾਮ ਥਾਨੇਸਰੀ, ਜੋ ਆਪਣੇ ਸਮੇਂ ਦਾ ਮਸ਼ਹੂਰ ਦੰਭੀ ਹੈ, ਖ਼ੁਸਰੋ ਨੂੰ ਮਿਲਿਆ ਤੇ ਉਸ ਨੂੰ ਦੁਆਈਂ ਦਿਤੀਆਂ । ਇਸ ਨੇ ਉਸ ਨੂੰ ਠੀਕ ਰਸਤੇ ਤੋਂ ਗੁਮਰਾਹ ਕਰ ਦਿਤਾ । ਉਹ ਹੁਣ ਮੈਨੂੰ ਵੀ ਮਿਲਣ ਆਇਆ । ਚੂੰਕਿ ਮੈਂ ਉਸ ਦੀਆਂ ਇਹ ਕਰਤੂਤਾਂ ਸੁਣ ਚੁਕਾ ਸਾਂ, ਮੈਂ ਉਸ ਨੂੰ ਰਸਤੇ ਦਾ ਖ਼ਰਚ ਦੇ ਕੇ ਹੱਜ ਨੂੰ ਤੋਰ ਦਿਤਾ ।"

ਜਹਾਂਗੀਰ ਦੀ ਉਪਰੋਕਤ ਲਿਖਤ ਸਾਬਤ ਕਰਦੀ ਹੈ ਕਿ ਦੰਭੀ ਮੁਲਾਂ ਨੂੰ, ਜਿਸ ਨੇ ਖ਼ੁਸਰੋ ਦੀ ਮਦਦ ਕੀਤੀ ਹੈ, ਉਸ ਦੇ ਅਪਰਾਧ ਵਿਚ ਮੱਕੇ ਜਾਣ ਦੀ ਸਜ਼ਾ ਤੇ ਪਲਿਓਂ ਖ਼ਰਚ ਦਿੰਦਾ ਹੈ; ਪਰ ਗੁਰੂ ਸਾਹਿਬ ਨੂੰ, ਜਿਨ੍ਹਾਂ ਨੂੰ ਉਹ ਹਿੰਦੂ ਸਮਝਦਾ ਸੀ, ਬਗ਼ੈਰ ਕਿਸੇ ਪੜਤਾਲ ਤੇ ਉਜ਼ਰ ਸੁਨਣ ਦੇ ਕਤਲ ਕਰਨ ਤੇ ਘਰ ਬਾਰ ਜ਼ਬਤੀ ਦਾ ਹੁਕਮ ਕਰ ਦਿੰਦਾ ਹੈ । ਇਸ ਤੋਂ ਸਪੱਸ਼ਟ ਸਿਧ ਹੈ ਕਿ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਜ਼ਿਮੇਵਾਰ ਖ਼ੁਦ ਜਹਾਂਗੀਰ ਸੀ, ਜਿਹਾ ਕਿ ਖ਼ਾਫ਼ੀ ਖ਼ਾਂ ਨੇ ਭੀ ਇਸ ਵਹਿਸ਼ੀ-ਪੁਣੇ ਦੀ ਪੁਸ਼ਟੀ ਕੀਤੀ ਹੈ ।

**ਅਖ਼ੀਰਲੀ ਵਿਚਾਰ ਵਾਲੀ ਗੱਲ ਇਹ ਹੈ** ਕਿ ਚਿਰ ਮਗਰੋਂ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਨਿਰਦੋਸ਼ ਸਮਝ ਕੇ ਛਡੇ ਗਏ ਤਾਂ ਜਹਾਂਗੀਰ ਚੰਦੂ ਨੂੰ ਗੁਰੂ ਸਾਹਿਬ ਦੇ ਹਵਾਲੇ ਕਰ ਦਿੰਦਾ ਹੈ । ਬੇਨਤੀ ਕੀਤੀ ਕਿ ਇਹ ਤੁਹਾਡਾ ਅਪਰਾਧੀ ਹੈ । ਆਪ ਜੋ ਚਾਹੋ ਸਜ਼ਾ ਦਿਉ । ਇਹ ਕਾਰਵਾਈ ਸਾਬਤ ਕਰਦੀ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਨਿਰਦੋਸ਼ਤਾ ਜਹਾਂਗੀਰ ਨੂੰ ਸਾਬਤ ਹੋ ਚੁਕੀ ਸੀ । ਇਸੇ ਕਰਕੇ ਚੰਦੂ ਨੂੰ ਦੋਸ਼ੀ ਠਹਿਰਾਇਆ ਗਿਆ ।

ਉਸ ਸਮੇਂ ਦੀ ਹਕੂਮਤ ਦਾ ਰਿਵਾਜ ਸੀ ਕਿ ਦੋਸ਼ੀ ਨੂੰ, ਜਿਨ੍ਹਾਂ ਦਾ ਉਹ ਅਪਰਾਧੀ ਹੋਵੇ, ਉਹਨਾਂ ਦੇ ਹਵਾਲੇ ਕਰ ਦਿੰਦੇ ਸਨ ਜਦੋਂ ਕਿ ਕੋਈ ਬਹੁਤ ਵਡਾ ਪਾਪ ਤੇ ਅਤਿਆਚਾਰ ਹੋਇਆ ਹੋਵੇ । ਇਹ ਗੱਲ ਹੋਰ ਭੀ ਹੈਰਾਨ ਕਰਨ ਵਾਲੀ ਹੈ ਕਿ ਚੰਦੂ ਵਰਗਾ ਐਡਾ ਵਡਾ ਅਹਿਲਕਾਰ ਹੋਵੇ, ਤੇ ਉਸ ਨੂੰ ਦੋਸ਼ੀ ਠਹਿਰਾਇਆ ਜਾਵੇ, ਇਕ ਬਹੁਤ ਵਡੀ ਘਟਨਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨਿਰਦੋਸ਼ ਸਨ ਤੇ ਇਸ ਗੁਨਾਹੀ ਚੰਦੂ ਨੇ ਝੂਠ ਬੋਲ ਕੇ, ਝੂਠੀਆਂ ਊਜਾਂ ਲਾ ਕੇ ਮੇਰੇ ਪਾਸੋਂ ਇਕ ਨੇਕ ਬੰਦੇ ਨੂੰ ਮਰਵਾ ਦਿਤਾ । ਬਾਦਸ਼ਾਹ ਇਹ ਗੁਨਾਹ ਸਮਝਦਾ ਸੀ । ਉਹ ਖ਼ੁਦ ਲਿਖਦਾ ਹੈ ਕਿ ਜਦ ਮੈਨੂੰ ਇਹ ਪਤਾ ਲਗਾ ਕਿ ਵਹਿਸ਼ੀਆਨਾ ਤਸੀਹੇ ਦੇ ਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਮੈਂ ਕੰਬ ਉਠਿਆ ਤੇ ਆਪਣੀ ਗ਼ਲਤੀ ਤਸਲੀਮ ਕੀਤੀ ।

ਅਸਲ ਗੱਲ ਇਹ ਹੋਈ ਕਿ ਪੰਚਮ ਪਾਤਸ਼ਾਹ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਕੇ ਜਹਾਂਗੀਰ ਕਸ਼ਮੀਰ ਚਲਾ ਗਿਆ । ਪਿਛੋਂ ਪੰਚਮ ਪਾਤਸ਼ਾਹ ਦੇ ਲਾਹੌਰ ਪੁਜਣ ਤੇ ਮੁਰਤਜ਼ਾ ਖ਼ਾਨ ਨੇ ਗੁਰੂ ਸਾਹਿਬ ਨੂੰ ਚੰਦੂ ਦੇ ਹਵਾਲੇ ਕਰ ਦਿਤਾ । ਚੰਦੂ ਨੇ ਉਹਨਾਂ ਨੂੰ ਆਪਣੇ ਘਰ ਲਿਜਾ ਕੇ ਕਹਿਰ ਦੇ ਤਸੀਹੇ ਦੇਣੇ ਸ਼ੁਰੂ ਕਰ ਦਿਤੇ । ਪਹਿਲੋਂ ਚੰਦੂ ਨੇ ਉਬਲਦੇ ਪਾਣੀ ਦੀ ਸੜਦੀ ਦੇਗ ਵਿਚ ਗੁਰੂ ਜੀ ਨੂੰ ਬਿਠਾਇਆ । ਅਗਲੇ ਦਿਨ ਉਹਨਾਂ ਦੇ ਪਿੰਡੇ ਤੇ ਸੜਦੀ ਤੱਤੀ ਰੇਤ ਪੁਆਈ ਗਈ । ਫੇਰ ਉਹਨਾਂ ਨੂੰ ਲੋਹ ਤੇ ਬਿਠਾ ਕੇ ਹੇਠਾਂ ਅੱਗ ਦੇ ਭਾਂਬੜ ਬਾਲੇ ਗਏ । ਸਤਿਗੁਰੂ ਜੀ ਦਾ ਸਰੀਰ ਛਾਲੇ ਛਾਲੇ ਹੋ ਕੇ ਛਾਨਣੀ ਛਾਨਣੀ ਹੋ ਗਿਆ । ਇਸ ਜ਼ੁਲਮ ਤੇ ਅਤਿਆਚਾਰ ਦੀ ਖ਼ਬਰ ਲਾਹੌਰ ਵਿਚ ਬਿਜਲੀ ਵਾਂਗ ਫੈਲ ਗਈ । ਲਾਹੌਰ ਵਿਚ ਇਕੋ ਇਕ ਵਲੀ ਅੱਲਾ ਗੁਰੂ ਸਾਹਿਬ ਦਾ ਦਰਦੀ ਫ਼ਕੀਰ ਸੀ, ਤੇ ਉਹ



www.AKJ.Org

# ਭਾਈ ਮਨੀ ਸਿੰਘ ਜੀ ਸ਼ਹੀਦ

[ ਗਿਆਨੀ ਭਜਨ ਸਿੰਘ ਜੀ, ਜਲੰਧਰ ]

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿਛੋਂ ਸਿੰਘਾਂ ਵਿਚ ਵਿਚਾਰਕ ਮਤਭੇਦ ਹੋ ਗਏ। ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਵਿਚਕਾਰ ਟੱਕਰ ਤੇਜ਼ ਹੋ ਗਈ ਤਾਂ ਝਗੜਾ ਨਿਬੇੜਨ ਲਈ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਦਿੱਲੀ ਤੋਂ ਅੰਮ੍ਰਿਤਸਰ ਭੇਜਿਆ। ਭਾਈ ਮਨੀ ਸਿੰਘ ਜੀ ਦਾ ਸਾਰਾ ਖ਼ਾਲਸਾ ਪੰਥ ਬੇ-ਹੱਦ ਸਤਿਕਾਰ ਕਰਦਾ ਹੈ। ਜਦ ਉਹ ਅੰਮ੍ਰਿਤਸਰ ਆ ਗਏ ਤਾਂ ਦੋਹਾਂ ਧੜਿਆਂ ਨੇ ਇੱਛਾ ਪ੍ਰਗਟ ਕੀਤੀ ਕਿ ਤੁਸੀਂ ਦਰਬਾਰ ਸਾਹਿਬ ਦਾ ਪ੍ਰਬੰਧ ਤੇ ਜ਼ਿਮੇਵਾਰੀ ਆਪ ਸੰਭਾਲ ਲਉ। ਭਾਈ ਮਨੀ ਸਿੰਘ ਜੀ ਦੇ ਯਤਨਾਂ ਨਾਲ ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਵਿਚਕਾਰ ਝਗੜਾ ਖ਼ਤਮ ਹੋ ਗਿਆ। ਭਾਈ ਮਨੀ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈਡ ਗ੍ਰੰਥੀ ਲਗ ਗਏ। ਇਥੇ ਰਹਿ ਕੇ ਆਪ ਨੇ ਖ਼ਾਲਸਾ ਪੰਥ ਵਿਚ ਆ ਗਈਆਂ ਕੁਰੀਤੀਆਂ ਦੂਰ ਕਰਨ ਲਈ ਉਪਰਾਲੇ ਕੀਤੇ ਤੇ ਕੌਮ ਨੂੰ ਗੁਰੂ ਸਾਹਿਬ ਦੇ ਦਿਤੇ ਉਪਦੇਸ਼ ਠੀਕ ਅਰਥਾਂ ਵਿਚ ਸਮਝਾਏ।

ਭਾਈ ਮਨੀ ਸਿੰਘ ਜੀ ਬੜੇ ਵੱਡੇ ਵਿਦਵਾਨ ਸਨ। ਜੇ ਇਹ ਕਿਹਾ ਜਾਏ ਕਿ ਭਾਈ ਗੁਰਦਾਸ ਜੀ ਤੋਂ ਪਿਛੋਂ ਆਪ ਹੀ ਵੱਡੇ ਸਿਖ ਵਿਦਵਾਨ ਹੋਏ ਹਨ ਤਾਂ ਇਹਦੇ ਵਿਚ ਕੋਈ ਅਤਿਕਥਨੀ ਨਹੀਂ। ਆਪ ਮਹਾਨ ਧਾਰਮਕ ਆਗੂ ਤੇ ਸਾਹਿਤਕਾਰ ਵੀ ਸਨ। 'ਗਿਆਨ ਰਤਨਾਵਲੀ' ਤੇ 'ਭਗਤ ਰਤਨਾਵਲੀ' ਆਪ ਦੀਆਂ ਦੋ ਬਹੁ-ਮੁਲੀਆਂ ਪੁਸਤਕਾਂ ਹਨ, ਜਿਨ੍ਹਾਂ ਵਿਚ ਆਪ ਨੇ ਗੁਰਮਤਿ ਫ਼ਿਲਾਸਫ਼ੀ ਨੂੰ ਬੜੇ ਸੋਹਣੇ ਢੰਗ ਨਾਲ ਵਾਰਤਕ ਰੂਪ ਵਿਚ ਪੇਸ਼ ਕੀਤਾ। ਪੁਰਾਣੇ ਪੰਜਾਬੀ ਵਾਰਤਕ-ਸਾਹਿਤ ਵਿਚ ਇਹ ਦੋਵੇਂ ਰਚਨਾਵਾਂ ਬਹੁਤ ਵਿਸ਼ੇਸ਼ਤਾ ਰਖਦੀਆਂ ਹਨ।

ਜ਼ਿਕਰੀਆ ਖ਼ਾਨ ਪੰਜਾਬ ਦਾ ਗਵਰਨਰ ਬਣਿਆ ਤਾਂ ਉਹਨੇ ਸਿਖਾਂ ਤੇ ਸਖ਼ਤੀ ਵਧਾ ਦਿਤੀ। ਘਰਾਂ ਵਿਚ ਸਿਖਾਂ ਦਾ ਰਹਿਣਾ ਅਸੰਭਵ ਬਣਾ ਦਿਤਾ। ਸਿੰਘ ਜਥੇ ਬਣਾ ਕੇ ਜੰਗਲਾਂ ਤੇ ਝੱਲਾਂ ਵਿਚ ਰਹਿੰਦੇ ਤੇ ਸਰਕਾਰ ਨਾਲ ਟੱਕਰ ਲੈਂਦੇ। ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਵਿਚ ਸਿੰਘਾਂ ਨੇ ਜ਼ਿਕਰੀਆ ਖ਼ਾਨ ਦਾ ਕਾੜ੍ਹੀਆ ਤੰਗ ਕਰ ਦਿਤਾ। ਜ਼ਿਕਰੀਆ ਖ਼ਾਨ ਨੇ ਗੁਰਦਵਾਰੇ ਢਾਹੁਣੇ ਸ਼ੁਰੂ ਕਰ ਦਿਤੇ। ਕਈ ਗੁਰਦਵਾਰਿਆਂ ਨੂੰ ਮਸੀਤਾਂ ਵਿਚ ਬਦਲ ਦਿਤਾ ਗਿਆ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦੁਆਲੇ ਪਹਿਰਾ ਲਾ ਦਿਤਾ ਗਿਆ ਤਾਂ ਕਿ ਕੋਈ ਅੰਦਰ ਨਾ ਆ ਸਕੇ। ਇਸ ਸਮੇਂ ਭਾਈ ਮਨੀ ਸਿੰਘ ਜੀ ਦੀ ਮਹਾਨ ਸ਼ਖ਼ਸੀਅਤ ਨੇ ਆਪਣੇ ਕੁਝ ਮੁਸਲਮਾਨ ਮਿੱਤਰਾਂ ਦੇ ਮਿਲਵਰਤਣ ਨਾਲ ਦਰਬਾਰ ਸਾਹਿਬ ਤੋਂ ਪਹਿਰਾ ਹਟਵਾ ਲਿਆ।

ਫਿਰ ਭਾਈ ਮਨੀ ਸਿੰਘ ਜੀ ਨੇ ਦੇਖਿਆ ਕਿ ਸਰਕਾਰ ਦੀਆਂ ਸਖ਼ਤੀਆਂ ਕਰਕੇ ਬਹੁਤ ਘਟ ਸਿਖ ਦਰਬਾਰ ਸਾਹਿਬ ਆਉਂਦੇ ਸਨ। ਉਹਨਾਂ ਨੇ ਅੰਮ੍ਰਿਤਸਰ ਦੇ ਹਾਕਮ ਅਬਦੁੱਲਾ ਖ਼ਾਨ ਨਾਲ ਗੱਲ ਕੀਤੀ ਤੇ ਉਹਨੂੰ

---

[ਸਫ਼ਾ ੧੬ ਦੀ ਬਾਕੀ]

ਸੀ ਪੀਰ ਮੀਆਂ ਮੀਰ। ਉਸ ਨੂੰ ਖ਼ਬਰਾਂ ਪੁਜੀਆਂ ਤਾਂ ਉਹ ਵਾਹੋ-ਦਾਹੀ ਭਜਾ ਆਇਆ। ਸਤਿਗੁਰੂ ਦੇ ਉਤੇ ਹੋਏ ਜ਼ੁਲਮ ਨੂੰ ਦੇਖ ਕੇ ਮੀਆਂ ਮੀਰ ਦੇ ਅੰਦਰ ਕਾਤੀਆਂ ਚੱਲ ਗਈਆਂ। ਜਹਾਂਗੀਰ ਦਾ ਹੁਕਮ ਦਸ ਕੇ ਸਭ ਨੇ ਮੀਆਂ ਮੀਰ ਅਗੇ ਬੇਬੱਸੀ ਜ਼ਾਹਰ ਕੀਤੀ। ਸਤਿਗੁਰੂ ਜੀ ਦੀ ਪਰਤੱਖ ਬੇਮਿਸਾਲ ਕੁਰਬਾਨੀ ਦੇਖ ਕੇ ਮੀਆਂ ਮੀਰ ਦੀ ਸਾਂਝ, ਇਸ਼ਕ ਪਿਆਰ ਵਿਚ ਬਦਲ ਗਈ।

ਗੁਰੂ ਅਰਜਨ ਦੇਵ ਜੀ ਨੂੰ ਐਨੇ ਕਸ਼ਟ ਦੇਣ ਤੋਂ ਬਾਅਦ ਦਰਿਆ ਰਾਵੀ ਵਿਚ ਸੁਟਿਆ ਗਿਆ, ਤੇ ਫੇਰ ਘੁੰਮਣ-ਘੇਰੀਆਂ ਵਿਚ ਡੁਬੋ ਦਿਤਾ ਗਿਆ। ਇਸ ਤਰ੍ਹਾਂ ਲਾਹੌਰ-ਨਿਵਾਸੀਆਂ ਦੇ ਦਿਲਾਂ ਦਾ ਪਾਤਸ਼ਾਹ ਉਹਨਾਂ ਦੇ ਸ਼ਹਿਰ ਵਿਚ ਕੋਹ ਕੋਹ ਕੇ ਸ਼ਹੀਦ ਕੀਤਾ ਗਿਆ।



www.AKJ.Org

ਪੁੱਛਿਆ ਕਿ ਅਸੀਂ ਦੀਵਾਲੀ ਤੇ ਇਥੇ ਸਿੰਘਾਂ ਦਾ ਭਾਰੀ ਇਕੱਠ ਕਰਨਾ ਚਾਹੁੰਦੇ ਹਾਂ, ਤੁਸੀਂ ਆਗਿਆ ਦੇ ਦਿਓ । ਉਹਨੇ ਜ਼ਿਕਰੀਆ ਖ਼ਾਨ ਨਾਲ ਗੱਲ ਬਾਤ ਕਰ ਕੇ ਇਸ ਸ਼ਰਤ ਤੇ ਆਗਿਆ ਦੇ ਦਿਤੀ ਕਿ ਮੇਲੇ ਸਮੇਂ ਸਰਕਾਰ ਨੂੰ ਦਸ ਹਜ਼ਾਰ ਰੁਪਏ ਦਿਤੇ ਜਾਣਗੇ।

ਭਾਈ ਮਨੀ ਸਿੰਘ ਜੀ ਕੌਮ ਵਿਚ ਇਕ ਨਵੀਂ ਲਹਿਰ ਪੈਦਾ ਕਰਨ ਲਈ ਵਡਾ ਇਕੱਠ ਕਰਨਾ ਚਾਹੁੰਦੇ ਸਨ । ਉਹਨਾਂ ਨੇ ਹਰ ਪਾਸੇ ਚਿੱਠੀਆਂ ਭੇਜ ਦਿਤੀਆਂ ਕਿ ਸਭ ਸਿੰਘ ਅੰਮ੍ਰਿਤਸਰ ਪਹੁੰਚਣ। ਇਸ ਸੱਦੇ ਦਾ ਚੰਗਾ ਅਸਰ ਹੋਇਆ। ਸਿੰਘ ਥਾਉਂ ਥਾਈਂ ਤਿਆਰੀਆਂ ਕਰਨ ਲਗ ਪਏ ਤੇ ਭਾਈ ਮਨੀ ਸਿੰਘ ਜੀ ਨੂੰ ਆਸ ਤੋਂ ਵਧ ਉਤਸ਼ਾਹ ਦੀਆਂ ਇਤਲਾਹਾਂ ਮਿਲੀਆਂ।

ਉਧਰ ਜ਼ਿਕਰੀਆ ਖ਼ਾਨ ਨੂੰ ਜਦੋਂ ਸਿੰਘਾਂ ਦੇ ਉਤਸ਼ਾਹ ਦੀ ਖ਼ਬਰ ਮਿਲੀ ਤਾਂ ਉਹਦੀ ਨੀਅਤ ਬਦਲ ਗਈ । ਉਹਨੇ ਸਾਜ਼ਸ਼ ਤਿਆਰ ਕੀਤੀ ਕਿ ਜਦੋਂ ਸਿੰਘ ਅੰਮ੍ਰਿਤਸਰ ਆ ਕੇ ਜੁੜਨ ਤਾਂ ਉਸ ਸਮੇਂ ਤਕੜਾ ਫ਼ੌਜੀ ਹਮਲਾ ਕਰ ਕੇ ਸਭ ਨੂੰ ਕਤਲ ਕਰ ਦਿਤਾ ਜਾਏ। ਉਹਨੇ ਬਹੁਤ ਸਾਰੀ ਫ਼ੌਜ ਅੰਮ੍ਰਿਤਸਰ ਭੇਜ ਦਿਤੀ ਤੇ ਹੁਕਮ ਦਿਤਾ ਕਿ ਇਕ ਵੀ ਸਿੰਘ ਬਚ ਕੇ ਨਹੀਂ ਜਾਣਾ ਚਾਹੀਦਾ । ਖ਼ੁਸ਼ਕਿਸਮਤੀ ਨਾਲ ਉਹਦੀ ਫ਼ੌਜ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਭਾਈ ਮਨੀ ਸਿੰਘ ਜੀ ਨੂੰ ਉਹਦੀ ਸਾਜ਼ਸ਼ ਦਾ ਪਤਾ ਲਗ ਗਿਆ ਤੇ ਇਕ ਵੀ ਸਿੰਘ ਅੰਮ੍ਰਿਤਸਰ ਵਿਚ ਨਾ ਪੁਜਾ । ਜ਼ਿਕਰੀਆ ਖ਼ਾਨ ਨੂੰ ਬਹੁਤ ਗੁੱਸਾ ਲੱਗਾ ਤੇ ਉਹਨੇ ਭਾਈ ਮਨੀ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿਤਾ । ਜਦ ਭਾਈ ਮਨੀ ਸਿੰਘ ਜੀ ਨੂੰ ਜ਼ਿਕਰੀਆ ਖ਼ਾਨ ਅਗੇ ਪੇਸ਼ ਕੀਤਾ ਗਿਆ ਤਾਂ ਉਹਨੇ ਦਸ ਹਜ਼ਾਰ ਰੁਪਏ ਮੰਗੇ । ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਚੜ੍ਹਾਵਾ ਆਉਂਦਾ ਤਾਂ ਦਿਤਾ ਜਾਂਦਾ, ਤੁਸੀਂ ਸਾਡਾ ਇਕੱਠ ਹੋਣ ਹੀ ਨਹੀਂ ਦਿਤਾ, ਇਸ ਲਈ ਰਕਮ ਕਿਉਂ ਦਿਤੀ ਜਾਏ। ਜਦ ਇਨਕਾਰ ਕੀਤਾ ਤਾਂ ਜ਼ਿਕਰੀਆ ਖ਼ਾਨ ਨੇ ਕਿਹਾ ਕਿ ਇਹ ਰਕਮ ਇਕੋ ਹਾਲਤ ਵਿਚ ਮਾਫ਼ ਕੀਤੀ ਜਾ ਸਕਦੀ ਹੈ ਜੇਕਰ ਤੁਸੀਂ ਇਸਲਾਮ ਵਿਚ ਸ਼ਾਮਲ ਹੋ ਜਾਓ । ਭਾਈ ਮਨੀ ਸਿੰਘ ਨੇ ਕਿਹਾ ਕਿ ਮੈਂ ਆਪਣੇ ਗੁਰੂ ਦਾ ਪੱਲਾ ਕਿਸੇ ਕੀਮਤ ਤੇ ਵੀ ਨਹੀਂ ਛਡ ਸਕਦਾ । ਇਸ ਤੇ ਆਪ ਦਾ ਕੇਸ ਮੌਲਵੀਆਂ ਦੇ ਪੇਸ਼ ਕੀਤਾ ਗਿਆ, ਜਿਨ੍ਹਾਂ ਨੇ ਬੰਦ ਬੰਦ ਕੱਟ ਕੇ ਕਤਲ ਕਰਨ ਦਾ ਫ਼ਤਵਾ ਦਿਤਾ। ਭਾਈ ਮਨੀ ਸਿੰਘ ਜੀ ਨੇ ਖਿੜੇ ਮਥੇ ਇਹ ਕੁਰਬਾਨੀ ਦੇਣ ਦਾ ਨਿਸਚਾ ਕਰ ਲਿਆ।

ਜਦ ਜੱਲਾਦ ਲੱਤ ਕਟਣ ਲਗਾ ਤਾਂ ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਤੈਨੂੰ ਬੰਦ ਬੰਦ ਕਟਣ ਦਾ ਹੁਕਮ ਹੋਇਆ ਹੈ, ਇਸ ਲਈ ਅੰਗ ਅੰਗ ਵਖ ਕਰ। ਟੋਕੇ ਨਾਲ ਇਕ ਇਕ ਜੋੜ ਕਟਿਆ ਗਿਆ । ਭਾਈ ਮਨੀ ਸਿੰਘ ਜੀ ਨੇਤਰ ਬੰਦ ਕਰ ਕੇ ਪਾਠ ਕਰੀ ਜਾ ਰਹੇ ਸਨ ਤੇ ਪਹਿਲਾਂ ਪੋਟੇ, ਫਿਰ ਉਂਗਲਾਂ ਤੇ ਫਿਰ ਸਰੀਰ ਦੇ ਬਾਕੀ ਹਿਸੇ ਵਢ ਕੇ ਆਪ ਨੂੰ ੧੭੩੮ ਈਸਵੀ ਵਿਚ ਸ਼ਹੀਦ ਕਰ ਦਿਤਾ ਗਿਆ । ਇਸੇ ਸ਼ਹੀਦੀ ਸਦਕਾ ਕੌਮ ਵਿਚ ਅਜਿਹਾ ਜੋਸ਼ ਪੈਦਾ ਹੋਇਆ ਕਿ ਸਿੰਘਾਂ ਨੇ ਮੈਦਾਨ ਵਿਚ ਨਿਕਲ ਕੇ ਮਿਸਲਾਂ ਬਣਾ ਲਈਆਂ ਤੇ ਅਖ਼ੀਰ ਰਾਜ ਪਲਟ ਕੇ ਰਖ ਦਿਤਾ।

---

# ਰਈਆ ਮੰਡੀ ਵਿਖੇ ਕੀਰਤਨ ਰੈਣ-ਸਬਾਈ

੧੧ ਤੇ ੧੨ ਮਈ ੧੯੭੪ ਦੀ ਵਿਚਕਾਰਲੀ ਰਾਤ ਨੂੰ ਰਈਆ ਮੰਡੀ ਦੇ ਵਡੇ ਗੁਰਦਵਾਰੇ ਵਿਖੇ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਬਟਾਲਾ, ਗੁਰਦਾਸਪੁਰ, ਸ੍ਰੀ ਅੰਮ੍ਰਿਤਸਰ ਤੇ ਹੋਰ ਇਲਾਕੇ ਦੇ ਕੀਰਤਨੀ ਵੀਰ ਭੈਣਾਂ ਪੁਜ ਰਹੇ ਹਨ। ਸਮੂੰਹ ਸੰਗਤਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਦਰਸ਼ਨ ਦੇ ਕੇ ਧੰਨਵਾਦੀ ਬਣਾਓ ਜੀ।

ਦਰਸ਼ਨ ਅਭਿਲਾਖੀ ਦਾਸ—

ਅਜਮੇਰ ਸਿੰਘ, ਮਨਿੰਦਰ ਦੀ ਹੱਟੀ, ਰਈਆ ਮੰਡੀ ਜ਼ਿਲਾ ਅੰਮ੍ਰਿਤਸਰ



www.AKJ.Org

# ਗੋਇੰਦਵਾਲ ਵਿਚ ਗੁਰਦਵਾਰੇ

[ ਵਲੋਂ—ਸ: ਦਸੌਂਧਾ ਸਿੰਘ ਜੀ, ਰੀਟਾਇਰਡ ਹੈੱਡਮਾਸਟਰ, ਪੱਟੀ ]

## ੧. ਚੌਬਾਰਾ ਸਾਹਿਬ :—

ਜਿਸ ਨੂੰ ਭਾਈ ਸਾਹਿਬ ਕਾਨ੍ਹ ਸਿੰਘ ਜੀ ਹਵੇਲੀ ਸਾਹਿਬ ਲਿਖਦੇ ਹਨ। ਇਹ ਨਗਰ ਦੇ ਵਿਚਕਾਰ ਢਾਹੇ ਦੇ ਕੰਢੇ ਤੇ ਹੈ। ਇਸ ਵਿਚ ਹੀ ਗੁਰੂ ਅਰਜਨ ਦੇਵ ਜੀ ਦਾ ਜਨਮ-ਅਸਥਾਨ ਹੈ ਤੇ ਉਹ ਅਸਥਾਨ ਵੀ ਜਿਥੇ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾਏ ਸਨ। ਇਕ ਦੀਵਾਰ ਵਿਚ ਇਕ ਕਿੱਲੀ ਵੀ ਹੈ। ਕਿਹਾ ਜਾਂਦਾ ਹੈ ਕਿ ਇਸ ਨੂੰ ਫੜ ਕੇ, ਖਲੋ ਕੇ ਗੁਰੂ ਅਮਰਦਾਸ ਜੀ ਤਪੱਸਿਆ ਕਰਿਆ ਕਰਦੇ ਸਨ। ਬੀਬੀ ਭਾਨੀ ਜੀ ਦਾ ਚੁਲ੍ਹਾ ਵੀ ਹੈ। ਨਾਲ ਲਗਦਾ ਹੀ ਬਾਬੇ ਮੋਹਨ ਜੀ ਦਾ ਚੁਬਾਰਾ ਵੀ ਹੈ, ਜਿਸ ਨੂੰ ਹੁਣ ਨਵੀਂ ਸ਼ਕਲ ਦੇ ਕੇ ਬਹੁਤ ਸੁੰਦਰ ਹਾਲ ਦੀ ਸ਼ਕਲ ਵਿਚ ਬਦਲ ਦਿਤਾ ਗਿਆ ਹੈ। ਏਸ ਗੁਰਦਵਾਰੇ ਦੇ ਵੇਹੜੇ ਵਿਚ ਹੀ ਭਾਦਰੋਂ ਦੀ ਪੂੰਨਿਆ ਵਾਲੀ ਰਾਤ ਨੂੰ ਕੀਰਤਨ-ਦਰਬਾਰ ਸੱਜਦਾ ਹੈ ਤੇ ਸਾਰੇ ਪੰਜਾਬ ਦੇ ਪ੍ਰਸਿਧ ਰਾਗੀ ਆ ਕੇ ਗੁਰੂ ਅਮਰਦਾਸ ਜੀ ਦੇ ਗੁਣ ਗਾਂਦੇ ਹਨ ਤੇ ਉਨ੍ਹਾਂ ਦੀ ਤੇ ਉਨ੍ਹਾਂ ਦੇ ਮਿਸ਼ਨ ਦੀ ਜੈਜੈਕਾਰ ਕਰਦੇ ਹਨ। ਹੇਠ ਲਿਖਿਆ ਸਵੱਈਆ ਸਾਰੇ ਹੀ ਗਾਇਨ ਕਰਦੇ ਹਨ :—

ਘਨਹਰ ਬੂੰਦ ਬਸੁਅ ਰੋਮਾਵਲਿ, ਕੁਸਮ ਬਸੰਤ
ਗਨੰਤ ਨ ਆਵੈ ॥ ਰਵਿ ਸਸਿ ਕਿਰਣਿ
ਉਦਰੁ ਸਾਗਰ ਕੋ, ਗੰਗ ਤਰੰਗ ਅੰਤੁ ਕੋ ਪਾਵੈ ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ, ਕਬਿ ਜਨ
ਭਲ੍ਯ ਉਨਹ ਜੁੋ ਗਾਵੈ ॥ ਭਲੇ ਅਮਰਦਾਸ
ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ ॥

ਸਵਈਏ ਮਹਲੇ ਤੀਜੇ ਕੇ (ਆਖ਼ਰੀ ਸਵਈਆ)

ਭਾਵ—ਬੱਦਲਾਂ ਦੀਆਂ ਕਣੀਆਂ, ਧਰਤੀ ਦੀ ਬਨਾਸਪਤੀ, ਅਤੇ ਬਹਾਰ ਦੇ ਫੁੱਲਾਂ ਦੀ ਗਿਣਤੀ ਨਹੀਂ ਹੋ ਸਕਦੀ। ਸੂਰਜ ਤੇ ਚੰਨ ਦੀਆਂ ਕਿਰਨਾਂ ਦਾ, ਸਮੁੰਦਰ ਦੇ ਪੇਟ ਦਾ, ਅਤੇ ਗੰਗਾ ਦੀਆਂ ਲਹਿਰਾਂ ਦਾ ਅੰਤ ਕੌਣ ਪਾ ਸਕਦਾ ਹੈ ? ਸ਼ਿਵ ਜੀ ਵਾਂਗ ਪੂਰਨ ਸਮਾਧੀ ਲਾ ਕੇ ਅਤੇ ਸਤਿਗੁਰੂ ਜੀ ਦੇ ਬਖ਼ਸ਼ੇ ਗਿਆਨ ਦਵਾਰਾ ਹੋ ਸਕਦਾ ਹੈ ਕਿ ਭਲ੍ਯ ਕਵੀ ਉਨ੍ਹਾਂ ਨੂੰ ਗਿਣ ਸਕੇ, ਭਾਵ ਉਤੇ ਦਸੀਆਂ ਕਣੀਆਂ ਫੁੱਲਾਂ, ਬਨਾਸਪਤੀ, ਕਿਰਨਾਂ ਤੇ ਲਹਿਰਾਂ ਨੂੰ ਬਿਆਨ ਕਰ ਲਵੇ ਤਾਂ ਕਰ ਲਵੇ, ਪਰ ਹੇ ਭੱਲਾ ਗੋਤ ਵਿਚ ਜਨਮ ਲੈਣ ਵਾਲੇ ਗੁਰੂ ਅਮਰਦਾਸ ਜੀ! ਆਪ ਦੇ ਗੁਣ ਬਿਆਨ ਨਹੀਂ ਹੋ ਸਕਦੇ।

ਚੌਬਾਰਾ ਸਾਹਿਬ ਦੀ ਡਿਉੜੀ ਦੇ ਬਿਲਕੁਲ ਸਾਹਮਣੇ ਬਾਹਰਵਾਰ ਬੜਾ ਖੁਲ੍ਹਾ ਬੜ੍ਹਾ ਦੀਵਾਨ ਲਈ ਬਣਾਇਆ ਗਿਆ ਹੈ, ਜਿਸ ਦੀ ਪੂਰਬੀ ਬਾਹੀ ਦੇ ਵਿਚਕਾਰ ਸ਼ਾਨਦਾਰ ਮੰਜੀ ਸਾਹਿਬ ਹੈ। ਸੰਗਤ ਦੇ ਬੈਠਣ ਲਈ ਬੜਾ ਖੁਲ੍ਹਾ ਥਾਂ ਹੈ।

## ੨. (ੳ) ਬਉਲੀ ਸਾਹਿਬ :—

ਇਹ ੮੪ ਪੌੜੀਆਂ ਵਾਲੀ ਬਾਵਲੀ ਹੈ, ਜਿਹੜੀ ਗੁਰੂ ਅਮਰਦਾਸ ਜੀ ਨੇ ਸੰਮਤ ੧੬੧੬ ਬਿਕਰਮੀ ਵਿਚ ਲਗਵਾਈ। ਪੌੜੀਆਂ ਸੰਗਮਰਮਰ ਦੀਆਂ ਹਨ। ਪੌੜੀਆਂ ਦੇ ਸਿਰੇ ਤੇ ਬੜਾ ਸ਼ਾਨਦਾਰ ਦਰਵਾਜ਼ਾ ਹੈ ਤੇ ਸਾਹਮਣੇ ਸੰਗਮਰਮਰ ਦੇ ਫ਼ਰਸ਼ ਵਾਲਾ ਖੁਲ੍ਹਾ ਮੈਦਾਨ। ਏਸ ਦੇ ਦੱਖਣ ਦੀ ਬਾਹੀ ਨਾਲ ਲਗਦਾ ਹੀ ਬੜਾ ਸ਼ਾਨਦਾਰ ਹਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਕਾਸ਼ ਲਈ ਬਣਾਇਆ ਗਿਆ ਹੈ, ਜਿਸ ਦੇ ਚਾਰੇ ਪਾਸੇ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੇ ਨਮੂਨੇ ਦੇ ਚਾਰ ਦਰਵਾਜ਼ੇ ਹਨ।

## (ਅ) ਗੁਰੂ ਕਾ ਲੰਗਰ :—

ਪੁਰਾਣਾ ਲੰਗਰ-ਘਰ ਬਉਲੀ ਸਾਹਿਬ ਦੇ ਨਾਲ ਹੀ ਲਗਦਾ ਹੈ। ਹੁਣ ਨਵਾਂ ਲੰਗਰ ਬਣਾਇਆ ਗਿਆ ਹੈ, ਜਿਸ ਦੇ ਦੋ ਹਿਸੇ ਹਨ। ਇਹ ਸਾਰੀ ਸੇਵਾ ਸੰਤ ਬਾਬਾ ਦਰਸ਼ਨ ਸਿੰਘ ਜੀ ਘਣੂਪੁਰ ਕਾਲੇ ਵਾਲਿਆਂ ਦੀ

www.AKJ.Org

ਨਿਗਰਾਨੀ ਹੇਠ ਹੋਈ ਹੈ ਤੇ ਉਨ੍ਹਾਂ ਦੀ ਹਿੰਮਤ ਤੇ ਅੰਮ੍ਰਿਤਸਰ ਅਤੇ ਗੋਇੰਦਵਾਲ ਦੀ ਸੰਗਤ ਦੇ ਮਿਲਵਰਤਣ ਨਾਲ ਪੰਗਤ ਦੇ ਬੈਠਣ ਲਈ ੧੨੭ ਫੁਟ ਲੰਮਾ ੫੫ ਫੁਟ ਚੌੜਾ ਹਾਲ, ਜਿਸ ਦਾ ਫ਼ਰਸ਼ ਚਿਪਸ ਦਾ ਹੈ, ਬਣ ਕੇ ਤਿਆਰ ਹੋ ਗਿਆ ਹੈ। ਏਸ ਹਾਲ ਦੇ ਨਾਲ ਜੁੜਵਾਂ ਹੀ ਦਖਣ ਵਲ ਲੰਗਰ ੭੫ ਫੁਟ ਲੰਮਾ, ੬੫ ਫੁਟ ਚੌੜਾ ਤਿਆਰ ਹੈ, ਜਿਸ ਵਿਚ ਪੱਕੀਆਂ ਭੱਠੀਆਂ ਤੇ ਪੱਕੇ ਹੀ ਲੋਹਾਂ ਦੇ ਚੁਲ੍ਹੇ ਸਨ।

## (ੲ) ਗੁਰੂ ਕੀ ਸਰਾਂ :—

ਇਹ ਬਉਲੀ ਸਾਹਿਬ ਦੇ ਉਤਰ ਵਲ ਕੋਈ ੪੦ ਛੋਟੇ ਕਮਰਿਆਂ ਦੀ ਲੰਬੀ ਸਾਰੀ ਦੋ-ਮੰਜ਼ਲਾ ਇਮਾਰਤ ਹੈ, ਜੋ ਢਾਹੇ ਤਕ ਚਲੀ ਗਈ ਹੈ। ਭਾਦਰੋਂ ਦੀ ਪੁੰਨਿਆ ਸਮੇਂ, ਅਤੇ ਅਗੋਂ ਪਿਛੋਂ ਵੀ ਯਾਤਰੀ ਆ ਕੇ ਕਈ ਕਈ ਦਿਨ ਠਹਿਰਦੇ ਹਨ। ਬਿਜਲੀ ਅਤੇ ਪੱਖੇ ਵੀ ਲਗੇ ਹੋਏ ਹਨ। ਨਾਲ ਹੀ ਫ਼ਲੱਸ਼-ਸਿਸਟਮ ਸਮੇਤ ਮਰਦਾਨਾ ਤੇ ਜ਼ਨਾਨਾ ਇਸ਼ਨਾਨ-ਘਰ ਬਣੇ ਹੋਏ ਹਨ, ਜਿਨ੍ਹਾਂ ਵਿਚ ਟਾਂਚੀ 'ਚੋਂ ਪਾਣੀ ਆਂਦਾ ਹੈ। ਥਾਂ ਪਰ ਥਾਂ ਹਰੇ ਹਰੇ ਘਾਹ ਦੇ ਪਲਾਟ ਤੇ ਫੁੱਲਾਂ ਦੀਆਂ ਕਿਆਰੀਆਂ ਹਨ।

## ੩. ਗੁਰੂ ਰਾਮਦਾਸ ਜੀ ਦਾ ਖੂਹ :—

ਇਹ ਖੂਹ ਗੁਰੂ ਰਾਮਦਾਸ ਜੀ ਨੇ ਪਾਣੀ ਦੀ ਥੁੜ ਅਨੁਭਵ ਕਰਦਿਆਂ ਖੁਦਵਾਇਆ ਸੀ। ਏਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਗੁਰਦਵਾਰਾ ਵੀ ਹੈ।

## ੪. ਅਨੰਦ ਜੀ ਦਾ ਅਸਥਾਨ :—

ਅਨੰਦ ਜੀ, ਮੋਹਰੀ ਜੀ ਦੇ ਪੁੱਤਰ ਅਤੇ ਗੁਰੂ ਅਮਰਦਾਸ ਜੀ ਦੇ ਪੋਤਰੇ ਸਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦੇ ਜਨਮ ਤੇ ਹੀ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੀ ਬਾਣੀ ਉਚਾਰੀ ਸੀ। ਏਨ੍ਹਾਂ ਦੀ ਮਾਤਾ ਦਾ ਨਾਮ ਬੀਬੀ ਆਤਮਾ ਦੇਈ ਸੀ।

ਨੋਟ :—ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ, ਮਹਾਨ ਕੋਸ਼ ਦੇ ਪੰਨਾ ੩੨੦ ਤੇ ਲਿਖਦੇ ਹਨ :— "ਮੁਗ਼ਲ ਬਾਦਸ਼ਾਹਾਂ ਦੇ ਵੇਲੇ ਦੀ ਜਗੀਰ ੧੧੫੫ ਰੁਪਏ, ਗੋਇੰਦਵਾਲ, ਟੋਡੇਵਾਲ, ਦੁਗਲਵਾਲਾ ਅਤੇ ਫਤੇ ਚਕ ਵਿਚ ਹੈ। ਗੁਰਦੁਆਰੇ ਨਾਲ, ਗੋਇੰਦਵਾਲ, ਖਡੂਰ ਸਾਹਿਬ, ਕਾਵਾਂ, ਅਕਬਰ ਪੁਰਾ, ਮਿਆਣੀ ਖਖ, ਝੰਡੇਰ, ਵੈਰੋਵਾਲ, ਧੂੰਦਾ ਆਦਿਕ ਪਿੰਡਾਂ ਵਿਚ ਬਹੁਤ ਸਾਰੀ ਜ਼ਮੀਨ ਹੈ। ਅਤੇ ਗੁਰਦੁਆਰੇ ਦੇ ਮਕਾਨ ਗੋਇੰਦਵਾਲ, ਫਰੂਖਾਬਾਦ, ਫ਼ਿਰੋਜ਼ਪੁਰ ਸ਼ਹਿਰ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਹਰਿ ਗੋਬਿੰਦਪੁਰ ਵਿਚ ਹਨ।"

ਮੈਂ ਜਦ ਏਸ ਗੱਲ ਦੀ ਮੈਨੇਜਰ ਸਾਹਿਬ, ਗੁਰਦਵਾਰਾ ਗੋਇੰਦਵਾਲ ਤੋਂ ਤਸਦੀਕ ਕੀਤੀ ਤਾਂ ਉਨ੍ਹਾਂ ਕਿਹਾ ਕਿ ਕਿਸੇ ਸ਼ਹਿਰ ਵਿਚ ਗੁਰਦਵਾਰੇ ਦੇ ਮਕਾਨ ਨਹੀਂ ਹਨ ਤੇ ਸਿਰਫ਼ ੫੦੦ ਰੁਪਏ ਸਾਲ ਦੀ ਜਗੀਰ ਮਿਲਦੀ ਹੈ।

ਸਿਖ ਇਤਿਹਾਸਕਾਰਾਂ ਨੇ ਇਹ ਗੱਲ ਲਿਖੀ ਹੈ ਕਿ ਗੁਰੂ ਅਮਰਦਾਸ ਜੀ ਨੇ ਹੀ ਹੁਕਮ ਦਿਤਾ ਸੀ ਕਿ ਵਿਸਾਖੀ, ਦਿਵਾਲੀ ਤੇ ਮਾਘੀ ਤੇ ਸੰਗਤਾਂ ਦੇ ਜੋੜ-ਮੇਲੇ ਕੀਤੇ ਜਾਇਆ ਕਰਨ; ਪਰ ਇਨ੍ਹਾਂ ਤਿਉਹਾਰਾਂ ਨੂੰ ਅਮਲੀ ਸ਼ਕਲ ਪੂਰਨ ਤੌਰ ਤੇ ਸਿਖ ਰਾਜ ਵਿਚ ਹੀ ਦਿਤੀ ਗਈ। (ਬੈਨਰਜੀ, ਪੰਨਾ ੧੭੮

# ਪਿੰਡ ਜਗਦੇਉ ਖ਼ੁਰਦ ਵਿਖੇ ਕੀਰਤਨ ਰੈਣ-ਸਬਾਈ

ਸਰਬਤ ਮਾਈ ਭਾਈ ਦੇ ਚਰਨਾਂ ਵਿਚ ਦੋ ਕਰ ਜੋੜ ਬਿਨੈ ਹੈ ਕਿ ਪਿੰਡ ਜਗਦੇਉ ਖ਼ੁਰਦ ਵਿਖੇ ੪ ਤੇ ੫ ਮਈ ਦੀ ਵਿਚਕਾਰਲੀ ਰਾਤ ਸ਼ਨੀਵਾਰ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਸਮੂੰਹ ਸੰਗਤਾਂ ਦਰਸ਼ਨ ਦੇ ਕੇ ਦਾਸਾਂ ਨੂੰ ਨਿਵਾਜਣ।

ਪਿੰਡ ਜਗਦੇਉ ਖ਼ੁਰਦ ਅਜਨਾਲਾ ਤੋਂ ਚਾਰ ਮੀਲ ਹੈ ਅਤੇ ਇਥੋਂ ਟਾਂਗੇ ਹਰ ਵਕਤ ਮਿਲ ਜਾਂਦੇ ਹਨ। ਸ੍ਰੀ ਅੰਮ੍ਰਿਤਸਰ ਤੋਂ ਜਗਦੇਉ ਵਾਸਤੇ ਆਖ਼ਰੀ ਬਸਾਂ ੩ ਤੇ ੪ ਵਜੇ ਸ਼ਾਮ ਨੂੰ ਮਿਲਦੀਆਂ ਹਨ।

ਦਾਸਰੇ—ਹਰਨਾਮ ਸਿੰਘ (ਜੱਥੇਦਾਰ) ਤੇ ਵਿਰਾਸਤ ਸਿੰਘ (ਡਾਕਟਰ), ਪਿੰਡ ਜਗਦੇਉ ਖ਼ੁਰਦ



www.AKJ.Org

# ਸਿੰਘੋ ! ਵੇਲਾ ਸੰਭਾਲੋ !!

[ ਵਲੋਂ—ਭਾਈ ਸਾਹਿਬ ਭਾਈ ਅਰਦੁਮਨ ਸਿੰਘ ਜੀ ਬਾਗੜੀਆਂ ]

ਅਸੀਂ ਗੁਰੂ ਗ੍ਰੰਥ ਸਾਹਿਬ ਦਾ ਇਹਤਰਾਮ (ਸਤਿਕਾਰ) ਇਸ ਲਈ ਕਰਦੇ ਹਾਂ ਕਿ ਉਸ ਵਿਚ ਗੁਰਬਾਣੀ ਸ਼ਬਦ ਸੁਰਖਿਅਤ ਹੈ ।

ਹੁਣ ਸਤਿਗੁਰਾਂ ਦੇ ਸਪੱਸ਼ਟ ਹੁਕਮ ਰੱਦ ਕਰ ਕੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਹੀ ਠਾਕਰਾਂ ਦੀ ਤਰ੍ਹਾਂ ਲੋਰੀਆਂ ਦੇ ਕੇ ਮੰਜਿਆਂ ਝੂਲਿਆਂ ਵਿਚ ਸੁਆਉਣ ਲਗ ਪਏ ਹਾਂ ।

ਪਾਠ ਮੁੱਲ ਤੇ ਗਿਣਤੀ ਦੇ ਹੋਣ ਲਗ ਪਏ ਹਨ । ਸਾਡਾ ਧਰਮ ਭੀ ਵਪਾਰਕ ਹੋ ਗਿਆ ਹੈ—ਪੈਸੇ ਦੇ ਕੇ, ਆਪ ਭਾਵੇਂ ਅਮਰੀਕਾ ਵਲਾਇਤ ਜਾਂ ਸਿੰਘਾਪੁਰ, ਬੰਬਈ ਬੈਠੇ ਹੋਏ ਹੋਵੋ, ਪਾਠ ਸ੍ਰੀ ਅੰਮ੍ਰਿਤਸਰ ਕਰਾਈ ਚਲੋ, ਮੁੱਲ ਤਾਰ ਕੇ ਭਾਵੇਂ ਪਾਠਾਂ ਤੇ ਅਖੰਡ ਪਾਠਾਂ ਦੀ ਲੜੀ ਜਿਥੇ ਮਰਜ਼ੀ ਲੁਆ ਦਿਓ ।

ਅਸੀਂ ਕਰਮ-ਕਾਂਡੀ ਬਣ ਗਏ ਹਾਂ । ਅਸੀਂ ਤਾਂ ਢੋਰ ਡੰਗਰ ਬੇਮੁਖ ਹੀ ਹੋਏ ਫਿਰਦੇ ਹਾਂ । ਸਾਡੇ ਮਨਾਂ ਵਿਚ ਧਰਮ ਦੀ ਰੂਪ-ਰੇਖਾ ਹੀ ਸਹੀ ਨਹੀਂ ਰਹੀ । ਜਦ ਸਿੰਘ ਸਭਾ ਲਹਿਰ ਦਾ ਅਰੰਭ ਹੋਇਆ ਸੀ, ਹੁਣ ਹਾਲਤ ਉਸ ਵੇਲੇ ਨਾਲੋਂ ਭੀ ਕਿਧਰੇ ਤਰਸ ਯੋਗ ਤੇ ਨਿਘਰੀ ਹੋਈ ਹੈ । ਇਹੋ ਸਬੱਬ ਹੈ ਕਿ ਅਸੀਂ ਸਿਆਸੀ ਖੇਤਰ ਵਿਚ ਭੀ ਬੁਰੀ ਤਰ੍ਹਾਂ ਹਾਰ ਖਾ ਰਹੇ ਹਾਂ ।

ਜੋ ਅਨਸਰ ਸਾਡੀ ਹੋਂਦ ਤੇ ਹੀ ਔਖਾ ਹੈ ਉਹ ਬਗਲਾਂ ਵਜਾਉਂਦਾ ਹੈ, ਬਲਕਿ ਉਸ ਨੇ ਤਾਂ ਇਹ ਭੀ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ ਸਿਖ ਤਾਂ ਬਣੇ ਹੀ ਹਿੰਦੂ ਜਾਤੀ ਅਰ ਹਿੰਦੂ ਧਰਮ ਦੀ ਰਾਖੀ ਲਈ ਸਨ । ਉਹ ਕੰਮ ਪੂਰਾ ਹੋ ਗਿਆ ਹੈ, ਹੁਣ ਸਿਖਾਂ ਨੂੰ ਹਿੰਦੂ ਮਤਿ ਦੇ ਖਾਰੇ ਸਮੁੰਦਰ ਵਿਚ ਹੀ ਬੂੰਦ ਵਾਂਗ ਸਮਾ ਜਾਣਾ ਚਾਹੀਦਾ ਹੈ । ਇਹ ਗੱਲ ਚੋਣਵੇਂ ਸਿਖਾਂ ਦੇ ਇਕੱਠ ਵਿਚ ਦਿੱਲੀ ਸੈਂਟਰਲ ਸਰਕਾਰ ਦੇ ਇਕ ਜ਼ਿਮੇਵਾਰ ਵਜ਼ੀਰ ਨੇ ਆਖੀ, ਪਰ ਅਸੀਂ ਐਨੇ ਸੁਆਰਥੀ ਤੇ ਮਾਇਆ ਅਧੀਨ, ਸਾਹਸ-ਹੀਣ ਹੋ ਕੇ ਨਿਘਰ ਗਏ ਹਾਂ ਕਿ ਇਸ ਤਰ੍ਹਾਂ ਹਕੂਮਤ ਦੇ ਹੰਕਾਰ ਵਿਚ ਸਿਖਾਂ ਨੂੰ ਸਿਖੀ ਛਡ ਦੇਣ ਲਈ ਜੋ ਆਖਣ ਦੀ ਉਸ ਨੂੰ ਜੁਰਅਤ ਪਈ ਤਾਂ ਕਿਸੇ ਸਿਖ ਦੀ ਆਣ ਨਾ ਜਾਗੀ ਤੇ ਇਸ ਦੇ ਖ਼ਿਲਾਫ਼ ਕਿਸੇ ਦੀ ਆਵਾਜ਼ ਹੀ ਨਾ ਨਿਕਲੀ । ਇਹੋ ਜਿਹੀ ਗੱਲ ਸਾਡੇ ਇਕ ਗੁਆਂਢੀ ਸਟੇਟ ਦੇ ਮੁਖ ਨੇਤਾ ਨੇ ਸਿਖਾਂ ਦੇ ਡੈਪੂਟੇਸ਼ਨ ਨੂੰ ਆਖੀ, ਪਰ ਕਿਸੇ ਨੂੰ ਪ੍ਰੋਟੈਸਟ ਕਰਨ ਦੀ ਜੁਰਅਤ ਨਾ ਹੋਈ । ਇਹ ਸਿਖ-ਮਾਰੂ ਅਨਸਰ ਪਹਿਲਾਂ ਬਾਹਰਲਿਆਂ ਦੇ ਡੰਡੇ ਹੇਠਾਂ ਸਹਿਮਿਆ ਹੋਇਆ ਸੀ, ਇਹ ਉਦੋਂ ਹੀ ਮਾਣ ਨਹੀਂ ਸੀ । ਹੁਣ ਤਾਂ ਇਸ ਦੇ ਭਾਈਚਾਰੇ ਦੇ ਹੱਥ ਵਿਚ ਮੁਲਕ ਦੀ ਹਕੂਮਤ ਆਈ ਹੋਈ ਹੈ, ਜੋ ਸਿਖਾਂ ਨਾਲ ਇਨਸਾਫ਼ ਕਰਨ ਦੀ ਬਜਾਏ ਵਿਤਕਰੇ ਅਰ ਧੋਖੇ ਭਰੀ ਨੀਤੀ ਵਰਤ ਰਹੇ ਹਨ ।

ਐਸੇ ਮਹਾਂ ਸੰਕਟ ਦਾ ਮੁਕਾਬਲਾ ਕੋਈ ਇਕ ਪਾਰਟੀ, ਜੱਥਾ, ਯਾ ਸੰਸਥਾ ਨਹੀਂ ਕਰ ਸਕਦੀ । ਇਸ ਕੰਮ ਲਈ ਸਾਰੇ ਪੰਥ ਨੂੰ ਮਿਲ ਕੇ ਹੰਭਲਾ ਮਾਰਨਾ ਹੋਏਗਾ । ਜੋ ਭੀ ਸਤਿਗੁਰਾਂ ਦਾ ਨਾਮ ਲੇਂਦਾ ਹੈ ਉਸ ਨੂੰ ਸਿਖੀ ਦੇ ਨਾਂ ਤੇ ਆਪਣਾ ਤਾਣ ਲਾਉਣਾ ਪਏਗਾ । ]'ਗੁਰਮਤਿ ਵਿਚਾਰ ਪਤ੍ਰਿਕਾ' 'ਚੋਂ

---

**ਜ਼ਰੂਰੀ ਬੇਨਤੀਆਂ :—**(੧) ਪਰਚੇ ਨਾ ਪੁਜਣ ਦੀਆਂ ਸ਼ਿਕਾਇਤਾਂ ਆਮ ਪੁਜਦੀਆਂ ਹਨ । ਅਸੀਂ ਹਰ ਮਹੀਨੇ ਪਹਿਲੀ ਤਰੀਕ ਨੂੰ ਪਰਚਾ ਡਾਕੇ ਪਾ ਦਿੰਦੇ ਹਾਂ । ਪੰਜ ਸਤ ਤਰੀਕ ਤਕ ਪਰਚਾ ਜੇ ਨਾ ਪੁਜੇ ਤਾਂ ਸਾਨੂੰ ਫ਼ੌਰਨ ਪਤਾ ਦਿਓ, ਤਾਕਿ ਅਸੀਂ ਦੁਬਾਰਾ ਭੇਜ ਸਕੀਏ । ੧੫ ਤਰੀਕ ਤੋਂ ਬਾਅਦ ਨਾ ਭੇਜਣ ਲਈ ਮਜਬੂਰੀ ਹੋ ਸਕਦੀ ਹੈ । ਪਿਛਲੇ ਮਹੀਨਿਆਂ ਦੇ ਪਰਚੇ ਨਾਲੋ ਨਾਲ ਖ਼ਤਮ ਹੁੰਦੇ ਜਾਂਦੇ ਹਨ ।

(੨) ਚਿੱਠੀ ਪੱਤਰ ਅਤੇ ਚੰਦੇ ਮਨੀਆਰਡਰ ਭੇਜਣ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ ।

www.AKJ.Org

# ਆਸਤਕ ਤੇ ਨਾਸਤਕ

[ ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਸਭ ਤੋਂ ਪਹਿਲਾਂ ਆਸਤਕਤਾ ਦਾ ਆਸਰਾ ਅਕਾਲ ਪੁਰਖ ਦੀ ਹੋਂਦ ਹਸਤੀ ਨੂੰ ਮੰਨਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦਾ ਮੁਢਲਾ ਅਸੂਲ ਅਕਾਲ ਪੁਰਖ ਨੂੰ "ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ" ਮੰਨਣਾ ਹੈ। ਅਰ ਅਕਾਲ ਪੁਰਖ ਦੀ ਹਸਤੀ ਨੂੰ ਮਹਿਜ਼ ਇਸ ਕਰਕੇ ਹੀ ਮੰਨਣੋਂ ਮੁਨਕਰਤਾ ਹੋ ਰਹੀ ਹੈ ਕਿ ਇਹ ਅੱਖੀਂ ਦਿਸਦਾ ਨਹੀਂ । ਅੱਖੀਂ ਦਿਸਦਾ ਨਹੀਂ, ਇਸ ਕਰਕੇ ਹੈ ਹੀ ਨਹੀਂ । ਸੰਸਾਰ ਵਿਖੇ ਜੋ ਬੁਰਿਆਈ ਹੋ ਰਹੀ ਹੈ, ਜੋ ਉਪਦ੍ਰਵ ਹੋ ਰਹੇ ਹਨ, ਉਸ ਦਾ ਕਾਰਨ ਮੁਖ ਇਹੀ ਹੈ ਕਿ ਆਮ ਨਾਸਤਕਤਾ ਇਹ ਵਰਤ ਰਹੀ ਹੈ ਕਿ ਅਕਾਲ ਪੁਰਖ ਹੈ ਹੀ ਨਹੀਂ । ਜੇ ਇਹ ਨਿਸਚਾ ਯਕੀਨ ਹੋਵੇ ਕਿ ਉਹ ਹੈ, ਸਦਾ ਸਿਰ ਤੇ ਖੜਾ ਹੈ, ਨੇੜੇ ਹੂੰ ਤੇ ਨੇੜੇ ਹੈ ਅਤੇ ਸ਼ਭ ਦੇ ਨਿਕਟ ਵਸ ਰਿਹਾ ਹੈ ਤਾਂ ਕੋਈ ਭੀ ਜੀਵ ਬੁਰਾਈ ਨ ਕਰੇ, ਕੋਈ ਭੀ ਬੁਰਾ ਕੰਮ ਨਾ ਕਰੇ । ਬਿਖ-ਮਾਇਆ ਦੇ ਸੰਚਣ ਵਿਚ ਹੀ ਪਰਵਿਰਤ ਨ ਰਹੇ । ਬਿਖ-ਮਾਇਆ ਸੰਚਣ ਵਿਚ ਮੁਸਤਗਰਕ ਹੋਇਆ ਉਹ ਮਾਇਆ-ਮੋਹਨੀ ਨੂੰ ਜਫੇ ਪਾਈ ਫਿਰਦਾ ਹੈ । ਜੇ ਸਿਰ ਤੇ ਸ੍ਰੀ ਕਰਤਾਰ ਨੂੰ ਨਿਕਟ ਕਰ ਬੁਝੇ ਤਾਂ ਬੁਰਿਆਂ ਕੰਮਾਂ ਤੋਂ ਜ਼ਰੂਰ ਡਰੇ ਅਤੇ ਬਿਖ-ਮਾਇਆ ਵਿਖੇ ਖਚਤ ਹੋਣੋਂ ਬਚੇ; ਪਰ ਬਚਦਾ ਨਹੀਂ । ਉਸ ਨੂੰ ਪ੍ਰਮਾਤਮਾ ਦੇ ਨਿਕਟ ਹੋਣ ਦਾ ਭੇਦ ਹੀ ਨਹੀਂ ਆਇਆ । ਇਸ ਨਿਕਟਤਾ ਦੇ ਭੇਦ, ਤਤ-ਲਖਤਵੀ ਭੇਦ ਨੂੰ ਕੇਵਲ ਗੁਰਮਤਿ ਦੁਆਰਾ ਸਤਿਗੁਰ-ਲਖਾਏ ਤਤ-ਬੋਧ ਗਿਆਨ ਦੁਆਰਾ ਹੀ ਪਾਇਆ ਜਾ ਸਕਦਾ ਹੈ । ਸਤਿਗੁਰੂ-ਲਖਾਏ ਇਸ ਤਤ-ਭੇਦ ਬਿਨਾਂ ਸਾਰੀ ਲੁਕਾਈ ਮਾਇਆ ਮੁਹਾਈ ਹੀ ਫਿਰਦੀ ਹੈ ।

ਉਂਜ ਕਹਿਣ ਮਾਤਰ ਨੂੰ ਤਾਂ ਬਥੇਰੇ ਕਹਿੰਦੇ ਫਿਰਦੇ ਹਨ ਕਿ ਪ੍ਰਮਾਤਮਾ ਹੈ ਅਤੇ ਨੇੜੇ ਹੀ ਹੈ । ਪਰ ਇਸ ਅਕਾਲ ਪੁਰਖ ਦੀ ਹੋਂਦ ਨਿਕਟਤਾ ਦਾ ਤਤ-ਭੇਦ ਤਿਨ੍ਹਾਂ ਵਿਰਲੇ ਗੁਰਮੁਖਾਂ ਨੂੰ ਹੀ ਆਇਆ ਹੈ ਜਿਨ੍ਹਾਂ ਨੇ ਸਚ ਮੁਚ ਅਕਾਲ ਪੁਰਖ ਨੂੰ ਨੇੜੇ ਕਰ ਲਖਿਆ ਜਾਤਾ, ਪਰਤੱਖ ਪਛਾਤਾ ਹੈ।

ਅਕਾਲ ਪੁਰਖ ਦੀ ਅਖਾਉਤੀ ਹੋਂਦ ਮਨਾਉਤੀ ਵਾਲੀ ਲੁਕਾਈ, ਮਨ ਬਚ ਕਰਮ ਕਰਕੇ ਸਚ ਮੁਚ ਅਕਾਲ ਪੁਰਖ ਦੀ ਹਸਤੀ ਨੂੰ ਮੰਨੇ ਤੇ ਨੇੜੇ ਕਰਕੇ ਪੇਖੇ-ਪਰਖੰਨੇ ਤਾਂ ਬਿਭਚਾਰ, ਬਦ-ਇਖ਼ਲਾਕ, ਚੋਰੀ, ਯਾਰੀ, ਠੱਗੀ, ਐਸ਼-ਇਸ਼ਰਤੀ, ਬਿਖਿਆ-ਪਸਰਗੀ, ਮਿਥਿਆ ਸਮੱਗਰੀ ਸੰਗ੍ਰਹਿਣ ਕਰਨ ਵਿਚ ਕਿਉਂ ਪਰਵਿਰਤ ਹੋਵੇ । ਇਸ ਬਿਖਿਆ-ਠਗਉਰੀ ਠਗੀਰਿਆ ਹੋਇਆ ਮਨੁੱਖ, ਇਸ ਬਿਖਈ ਐਸ਼-ਇਸ਼ਰਤ ਵਿਚ ਤਾਂ ਹੀ ਲੱਥ ਪੱਥ ਹੁੰਦਾ ਹੈ ਕਿ ਮੋਹ ਮਾਇਆ ਠਗਉਰੀ ਦੇ ਠੱਗੇ ਹੋਏ ਜੱਗ ਨੇ ਪਰਮੇਸ਼ਰ ਰੂਪੀ ਸੱਚੇ ਅਫ਼ਸਰ ਨੂੰ ਸੰਗ ਕਰਕੇ ਨਹੀਂ ਜਾਣਿਆ, ਨਿਕਤ-ਵਰਤੀ ਨਹੀਂ ਪਛਾਣਿਆ ਹੈ । ਬਾਝੁ ਗੁਰੂ ਸਭ ਜਗਤ ਬਉਰਾਨਿਆ, ਭਰਮ-ਭੁਲਾਨਿਆ ਹੀ ਫਿਰਦਾ ਹੈ । ਗੁਰੂ-ਘਰ ਅੰਦਰ ਗੁਰਮਤਿ ਗ੍ਰਹਿਣ ਕੀਤਿਆਂ ਹੀ ਇਹ ਸੱਚੀ ਸੂਝ ਬੂਝ ਆਉਂਦੀ ਹੈ ਕਿ ਸਚ ਮੁਚ ਸਿਰ ਤੇ ਸਿਰਜਨਹਾਰ ਕਰਤਾਰ ਸਦ ਸੁਣਦਾ ਪੇਖਦਾ ਸਾਰੀਆਂ ਕਰਮ-ਕਰਤੂਤਾਂ ਦਾ ਸ਼ਾਹਦਿ-ਹਾਲ ਹੈ।

ਸੰਸਾਰ ਉਤੇ ਜਿਤਨਾ ਭੀ ਕੂੜ ਕੁਸੱਤ ਝੂਠ ਬੋਲਣ ਦਾ ਭਰਮਾਰਾ, ਬਦ-ਕਿਰਦਾਰਾ ਏਸੇ ਕਰਕੇ ਹੈ ਕਿ ਦਰਅਸਲ ਸੰਸਾਰ ਦਾ ਸਮੁਚਾ ਲੋਕ-ਲੁਕਾਰਾ ਪਰਮੇਸ਼ਰ ਦੀ ਹਸਤੀ-ਮਈ ਹੋਂਦ, ਨਿਕਟੋਂਦ ਤੋਂ ਘੁਥ-ਘੁਥਾਰਾ ਹੋਇਆ ਵਿਆ, ਅੰਧ ਵਰਤਾਰੇ ਵਿਚ ਖਚਤ ਹੈ । ਮਾਇਆ ਦਾ ਮਿਥਨ-ਮੁਹਾਰਾ ਭੀ ਏਸੇ ਮੂੜ੍ਹਤਾ ਦੇ ਕਾਰਨ ਹੈ ਕਿ ਸਭ ਖਲਕਾਰਾ ਨਾਸਤਕਤਾ-ਮਈ ਅਗਿਆਨ ਦਾ ਮੁਠਾ ਗਮਰੁੱਠਾ ਹੋਇਆ ਹੈ । ਇਸ ਅਗਿਆਨਤਾ ਦੇ ਕਾਰਨ ਅਵਲ ਤਾਂ ਰੱਬ ਨੂੰ ਕੋਈ ਮੰਨਦਾ ਹੀ ਨਹੀਂ; ਜੇ ਮੰਨਦਾ ਹੈ ਤਾਂ ਉਸ ਨੂੰ ਨਿਕਟ ਪਰਗਟ, ਅਤੇ ਘਟ ਅੰਤਰਿ ਪਛਾਨਣ ਦੇ ਥਾਉਂ ਬਾਹਰ



www.AKJ.Org

ਭਾਲਣ, ਭਟਕਾਲਣ, ਢੂੰਡ-ਢੂੰਡਾਲਣ ਵਿਚ ਹੀ ਬਿਰਥਾ ਭੱਜਾ ਫਿਰਦਾ ਹੈ । ਵਾਹਿਗੁਰੂ ਨੂੰ ਅੰਤਰ ਭਾਲਣ ਸੰਭਾਲਣ ਦਾ ਤੱਤ-ਗਿਆਨ ਕੇਵਲ ਸਤਿਗੁਰੂ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। ਸੋ ਬਾਝ ਗੁਰੂ ਸਭ ਲੋਈ, ਲੋਕ-ਲਕੋਈ, ਧੰਦੇ-ਧੰਦੋਈ, ਖਪਤ ਖਪਤੋਈ ਹੋਈ ਫਿਰਦੀ ਹੈ।

ਜਿਨ੍ਹਾਂ ਗੁਰਮੁਖਾਂ ਦੇ ਮਸਤਕ ਲਿਲਾਟ ਮੱਥੇ ਸੱਚੇ ਸੁਭਾਗ ਦਾ ਸ਼ੁਭ-ਲਖਣਾ ਭਾਗ ਲਿਖਿਆ ਹੁੰਦਾ ਹੈ, ਉਹਨਾਂ ਦੇ, ਸਤਿਗੁਰੂ ਦੀ ਸੇਵਾ ਭਾਵਨਾ ਸਿਮਰਨ ਅਭਿਆਸ ਕਿਰਤ ਕਮਾਵਣ ਕਰਕੇ ਬੱਜਰ ਕਪਾਟ ਖੁਲ੍ਹ ਜਾਂਦੇ ਹਨ, ਬੱਸ ! ਕਪਾਟ ਖੁਲ੍ਹਿਆਂ ਹੀ ਅਕਾਲ ਪੁਰਖ ਦੀ ਨਿਕਟਤਾ, ਅੰਤਰ ਬਾਹਰ ਮਉਜੂਦਤਾ ਲਖੀ ਜਾਂਦੀ ਹੈ । ਇਸ ਉਪਰਲੀ ਵਿਸਥਾਰ ਵਿਆਪਕਤਾ ਦੀ ਪ੍ਰੋੜ੍ਹਤਾ ਹੇਠ ਲਿਖਿਆ ਗੁਰਵਾਕ ਕਿਆ ਖ਼ੂਬ ਕਰਦਾ ਹੈ, ਯਥਾ ਗੁਰਵਾਕ :—

"ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥ ਬਿਖੁ ਸੰਚੈ ਨਿਤ ਡਰਤਾ ਫਿਰੈ ॥ ਹੈ ਨਿਕਟੇ ਅਰੁ ਭੇਦੁ ਨ ਪਾਇਆ ॥ ਬਿਨੁ ਸਤਿਗੁਰ ਸਭ ਮੋਹੀ ਮਾਇਆ ॥੧॥ ਨੇੜੈ ਨੇੜੈ ਸਭੁ ਕੋ ਕਹੈ ॥ ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥੧॥ਰਹਾਉ॥ ਨਿਕਟਿ ਨ ਦੇਖੈ ਪਰਗ੍ਰਿਹਿ ਜਾਇ ॥ ਦਰਬੁ ਹਿਰੈ ਮਿਥਿਆ ਕਰਿ ਖਾਇ ॥ ਪਈ ਠਗਉਰੀ ਹਰਿ ਸੰਗਿ ਨ ਜਾਨਿਆ ॥ ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥੨॥ ਨਿਕਟਿ ਨ ਜਾਨੈ ਬੋਲੈ ਕੂੜੁ ॥ ਮਾਇਆ ਮੋਹਿ ਮੂਠਾ ਹੈ ਮੂੜੁ ॥ ਅੰਤਰਿ ਵਸਤੁ ਦਿਸੰਤਰਿ ਜਾਇ ॥ ਬਾਝੁ ਗੁਰੂ ਹੈ ਭਰਮਿ ਭੁਲਾਇ ॥੩॥ ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ ਸਤਿਗੁਰੁ ਸੇਵੇ ਖੁਲੇ ਕਪਾਟ ॥ ਅੰਤਰਿ ਬਾਹਰਿ ਨਿਕਟੇ ਸੋਇ ॥ ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥ ੨੬॥ [ਭੈਰਉ ਮਹਲਾ ੫, ਪੰਨਾ ੧੧੩੯

ਵਾਹਿਗੁਰੂ ਦੀ ਨਿਕਟਤਾ, ਸਦਾ ਨੇਰੇ ਹੂ ਨੇਰਤਾ, ਇਸ ਗੁਰਵਾਕ ਦੁਆਰਾ ਸਪੱਸ਼ਟ ਸਤ ਆਸਤਕਤਾ ਹੈ। ਨਿਗੁਰੇ, ਨਿਗੋਂਸਾਏ, ਨਾਮ ਹੀਣ, ਨਕਟ-ਪੰਥੀਆਂ ਨੂੰ ਨਾ ਹੀ ਇਸ ਨਿਕਟਤਾ ਦੀ ਸੂਝ ਬੂਝ ਹੈ, ਨਾ ਹੀ ਅਕਾਲ ਪੁਰਖ ਦੀ ਹੋਂਦ ਤੇ ਨਿਸਚਾ ਹੈ । ਨਿਸਚੇ ਬਿਹੂਣ ਨਾਸਤਕਤਾ ਹੀ ਨਾਸਤਕਤਾ ਵਿਆਪ ਰਹੀ ਹੈ, ਸਾਰੇ ਸੰਸਾਰ ਵਿਖੇ । ਅਕਾਲ ਪੁਰਖ ਨੂੰ ਸਦਾ ਹਜ਼ੂਰ ਨਿਕਟ ਨਿਕਟੂਰ ਨ ਜਾਨਣ ਬੁਝਣ ਦੇਖਣ ਕਰ ਹੀ ਨਾਸਤਕਤਾ-ਗ੍ਰਸੇ ਸਾਕਤ ਪੁਰਸ਼ ਇਕ ਦੂਜੇ ਨਾਲ ਬੁਰਾਈ ਕਰ ਰਹੇ ਹਨ 1 ਏਕ ਸਿਉ ਲਿਵ ਲਾਵਣ-ਹਾਰਿਆਂ ਨੇ ਹੀ ਏਹ ਭਰਮ ਰਿਦੰਤਰੋਂ ਚੁਕਾਇਆ ਹੈ, ਕਿਉਂਕਿ ਘਟ ਅੰਤਰ ਹੀ ਆਤਮ ਚੀਨਣ ਕਰ ਉਹਨਾਂ ਨੂੰ ਸਦਾ ਹਾਜ਼ਰ ਤੇ ਨਿਕਟਾਜ਼ਰ ਹੀ ਵਾਹਿਗੁਰੂ-ਪ੍ਰੀਤਮ ਪ੍ਰਤੱਖ ਦ੍ਰਿਸ਼ਟਿ ਆਇਆ ਹੈ । ਅਤੇ ਦ੍ਰਿਸ਼ਟ ਆਵਣ ਕਰ ਤਿਨ੍ਹਾਂ ਦਾ ਸਗਲਾ ਭਰਮ ਚੁਕਾਇਆ ਹੈ। ਨਾਸਤਕਤਾ ਵਾਲੀ ਭ੍ਰਾਂਤੀ ਤਿਨ੍ਹਾਂ ਨੂੰ ਸੁਪਨੰਤਰ ਭੀ ਨਹੀਂ ਭਰਮਾਉਂਦੀ । ਤਾਂਤੇ ਇਹ ਪਰਪੰਚ-ਪਸਾਰੇ ਦਾ ਮੋਹ-ਮਮਤਾਰਾ ਛਡ ਕੇ ਸਦਾ ਸਹਿਜ ਅਨੰਦ ਘਰਿ ਅਸਥਿਤ ਅਡੋਲ ਵਸਦੇ ਰਸਦੇ ਹਨ । ਉਹ ਬੁਰਾ ਕਰਨਹਾਰੇ ਨਾਲ ਭੀ ਭਲਾ ਹੀ ਕਰਦੇ ਹਨ । ਤਿਨ੍ਹਾਂ ਨੂੰ ਬੁਰਾ ਕੋਈ ਪ੍ਰਤੀਤ ਹੁੰਦਾ ਹੀ ਨਹੀਂ, ਤੇ ਨਾ ਹੀ ਉਹ ਕਿਸੇ ਨੂੰ ਝੂਠਾ ਸਮਝ ਕੇ ਉਸ ਨਾਲ ਝਗੜਾ ਪਾਉਂਦੇ ਹਨ ਤੇ ਸੱਥ ਮਚਾਉਂਦੇ ਹਨ । ਸਤਿਗੁਰੂ ਨੂੰ ਮਿਲਣ ਕਰਕੇ ਤਿਨ੍ਹਾਂ ਨੂੰ ਨਵ ਨਿਧ ਨਾਮ ਦੀ ਐਸੀ ਪ੍ਰਾਪਤੀ ਹੋਇ ਆਈ ਹੁੰਦੀ ਹੈ ਕਿ ਅਹਿਨਿਸ ਨਾਮ ਨਾਲ ਹੀ ਤਿਨ ਕੀ ਲਿਵ ਲਗੀ ਰਹਿੰਦੀ ਹੈ । ਰਸ-ਜੋਤਿ-ਵਿਗਾਸ ਦੇ ਅੰਤ੍ਰੀਵੀ ਹੁਲਾਸ ਸੇਤੀ ਵਿਗਸੇ-ਵਿਗਸਾਏ ਹੋਏ ਉਹ ਸਹਿਜ ਸੁਭਾਏ ਹੀ ਤਤ-ਰਸ-ਨਾਮ ਦਾ ਬਿਲੋਵਨਾ ਹੀ ਬਿਲੋਵੰਦੇ ਰਹਿੰਦੇ ਹਨ, ਜਿਸ ਦੇ ਪਰਤਾਪ ਕਰਿ ਵਾਹਿਗੁਰੂ ਦੀ ਹਾਜ਼ਰ ਹਜ਼ੂਰਤਾ ਤਿਨ੍ਹਾਂ ਨੂੰ ਖਿਨ ਖਿਨ ਹੀ ਬਣੀ ਬਣਾਈ ਰਹਿੰਦੀ ਹੈ; ਯਥਾ ਗੁਰਵਾਕ :—

ਪਰਪੰਚੁ ਛੋਡਿ ਸਹਜ ਘਰਿ ਬੈਸਹੁ, ਝੂਠਾ ਕਹਹੁ ਨ ਕੋਈ ॥ ਸਤਿਗੁਰ ਮਿਲਹੁ ਨਵੈਨਿਧਿ ਪਾਵਹੁ, ਇਨ ਬਿਧਿ ਤਤੁ ਬਿਲੋਈ ॥੨॥ ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ, ਆਤਮ ਚੀਨਹੁ ਭਾਈ ॥ ਨਿਕਟਿ ਕਰਿ ਜਾਣਹੁ ਸਦਾ


www.AKJ.Org

ਪ੍ਰਭੁ ਹਾਜਰੁ, ਕਿਸੁ ਸਿਉ ਕਰਹੁ ਬੁਰਾਈ ॥੩॥
[ਰਾਮਕਲੀ ਮ: ੫, ਪੰ: ੮੯੩

ਹਰਿ-ਕੀਰਤਨ ਰਸ-ਰੰਗ ਭੋਗਣਹਾਰਿਆਂ, ਗੁਰਮੁਖ ਜਨਾਂ ਨੂੰ ਵਾਹਿਗੁਰੂ ਸਿਰਜਨਹਾਰ ਸਦਾ ਹੀ ਨਿਕਟ ਦਿਸਦਾ ਹੈ। ਇਸ ਕਰਕੇ ਉਹ ਪਾਪ ਕਰਨੋਂ ਹਰ ਦਮ ਸੰਗਦੇ-ਸੰਕੋਚਦੇ ਰਹਿੰਦੇ ਹਨ। ਤਿਨ੍ਹਾਂ ਐਸੇ ਆਸਤਕਾਂ ਅਨਿੰਨ ਭਗਤਾਂ ਦੇ ਸਭੇ ਹੀ ਕਾਰਜ ਕਰਨ-ਹਾਰ ਕਰਤਾਰ ਸੰਵਾਰਦਾ ਹੈ ਅਤੇ ਐਥੇ ਉਥੇ ਲੋਕ ਪਰਲੋਕ ਵਿਖੇ ਤਿਨ੍ਹਾਂ ਦੇ ਮੁਖ ਉਜਲਾਰਦਾ ਹੈ। ਯਥਾ ਗੁਰਵਾਕ :—

"ਹਰਿ ਕੀਰਤਨ ਰਸ ਭੋਗ ਰੰਗੁ ॥
ਮਨ ਪਾਪ ਕਰਤ ਤੂ ਸਦਾ ਸੰਗੁ ॥
ਨਿਕਟਿ ਪੇਖੁ ਪ੍ਰਭੁ ਕਰਣਹਾਰ ॥
ਈਤ ਊਤ ਪ੍ਰਭ ਕਾਰਜ ਸਾਰ ॥੩॥
[ਬਸੰਤ ਮ: ੫, ਪੰਨਾ ੧੧੮੩

ਜਿਹੜੇ ਸਾਕਤ ਪੁਰਸ਼ ਅੱਖੀਆਂ ਹੁੰਦਿਆਂ, ਰਸਨਾ ਹੁੰਦਿਆਂ, ਕੰਨਾਂ ਹੁੰਦਿਆਂ, ਅੰਨ੍ਹੇ ਗੁੰਗੇ ਬੋਲੇ ਹਨ, ਐਸੇ ਨਾਸਤਕਾਂ ਨੂੰ ਨਿਕਟ ਨੇੜੇ ਵਸਦਾ ਵਾਹਿਗੁਰੂ ਦੂਰ ਹੀ ਪ੍ਰਤੀਤ ਹੁੰਦਾ ਹੈ। ਤਾਂ ਤੇ ਇਹ ਉਸ ਵਾਹਿਗੁਰੂ ਦੀ ਨਿਕਟਤਾ ਦੀ ਪ੍ਰਤੀਤ ਵਿਹੂਣੇ ਪਾਪੀ ਹੀ ਪਾਪ ਕਮਾਉਂਦੇ ਹਨ। ਯਥਾ ਗੁਰਵਾਕ :—

"ਪੇਖਤ ਚਾਖਤ ਕਹੀਅਤ ਅੰਧਾ, ਸੁਨੀਅਤ ਸੁਨੀਐ ਨਾਹੀ ॥ ਨਿਕਟ ਵਸਤੁ ਕਉ ਜਾਣੈ ਦੂਰੇ, ਪਾਪੀ ਪਾਪ ਕਮਾਹੀ ॥੧॥
[ਸੂਹੀ ਮ: ੫, ਪੰਨਾ ੭੪੧

ਮਨਮੁਖਾਂ, ਸਾਕਤ-ਦੁਹੇਲਿਆਂ ਨਾਸਤਕਾਂ ਨੂੰ ਨਿਕਟ ਵਸਦਾ ਵਾਹਿਗੁਰੂ ਦੀਂਹਦਾ ਹੀ ਨਹੀਂ। ਉਹ ਤਾਂ ਸਦਾ ਹੀ ਨਿਕਟ ਵਸਦਾ ਹੈ ਅਤੇ ਸਭ ਦੇ ਮੰਦੇ ਚੰਗੇ ਕਰਮਾਂ ਨੂੰ ਦੇਖਦਾ ਹੈ। ਪਰ ਇਸ ਸਤਤਾ-ਸਚਿਆਈ ਨੂੰ ਵਿਰਲੇ ਗੁਰਮੁਖਿ ਹੀ ਬੁਝਦੇ ਹਨ। ਸੱਚੀ ਭੈ-ਭਾਵਨੀ ਤਿਨ੍ਹਾਂ ਨੂੰ ਹੀ ਉਪਜਦੀ ਹੈ ਅਤੇ ਭੈ-ਭਾਵਨੀ ਪਏ ਬਿਨਾਂ (ਅੰਦਰ ਉਗਵੇ ਬਿਨਾਂ) ਭਗਤੀ ਹੀ ਨਹੀਂ ਹੁੰਦੀ (ਹੋ ਨਹੀਂ ਸਕਦੀ)। ਗੁਰਮੰਤ੍ਰ ਗੁਰਦੀਖਿਆ ਨੂੰ ਪ੍ਰਾਪਤ ਕੀਤਿਆਂ ਹੀ ਨਾਮ ਸ਼ਬਦ ਵਿਚ ਰਤਿਆਂ ਹੀ ਸੱਚੀ ਭਗਤੀ ਹੁੰਦੀ ਹੈ। ਇਹੀ ਸੱਚੀ ਆਸਤਕਤਾ ਹੈ ਅਤੇ ਏਸੇ ਵਿਚ ਹੀ ਸੱਚਾ ਸੁਖ ਹੈ। ਤਾਂ ਤੇ ਸਚਾ ਗਿਆਨ-ਪਦਾਰਥ ਨਾਮ ਹੀ ਹੈ, ਜਿਸ ਦੇ ਅਭਿਆਸ ਪਰਤਾਪ ਕਰਿ ਸੱਚੇ ਅਕਾਲ ਪੁਰਖ ਦੇ ਨਿਕਟ ਜਾਣਨ ਪਛਾਣਨ ਵਾਲਾ ਸਚਾ ਗਿਆਨ ਪ੍ਰਾਪਤ ਹੁੰਦਾ ਹੈ, ਇਸ ਸਚੇ ਗਿਆਨ ਨੂੰ ਗੁਰਮੁਖ ਜਨ ਹੀ ਪਾਉਂਦੇ ਹਨ, ਅਤੇ ਰਸ-ਰਸਾ ਕੇ ਅੰਤਰਿ ਆਤਮੇ ਹੰਢਾਉਂਦੇ ਹਨ (ਰੰਗ ਰਲੀਆਂ ਮਾਣਦੇ ਹਨ)।

ਇਸ ਅੰਤਰਿ ਰਸ ਰਸੇ, ਰੋਮ ਰੋਮ ਧਸੇ, ਅਸਲ ਸਚੇ ਸੁੱਚੇ ਗਿਆਨ ਬਿਨਾਂ ਹੋਰ ਕਥਨੀ ਬਦਨੀ ਵਾਲੇ ਗਿਆਨ ਸਭ ਕੂੜਾਵੇ ਗਿਆਨ ਹਨ। ਇਹ ਕੂੜਾਵੇ-ਗਿਆਨ ਕਥੇ ਕਥਿ ਸਭ ਕੋਈ ਬਫਾਉਂਦਾ ਅਫਰਾਉਂਦਾ ਹੈ ਅਤੇ ਕਥ ਕਥ ਕੇ ਬਾਦ ਰੁਆਉਂਦਾ ਦੁਖ ਪਾਉਂਦਾ ਹੈ। ਇਸ ਫੋਕਟ ਕਥਨੀ-ਕਹਿਣੀ ਤੇ ਕੋਈ ਕਾਇਮ ਭੀ ਨਹੀਂ ਰਹਿੰਦਾ। ਤਾਂ ਤੇ ਇਹ ਕਥਨੀ-ਕਹਿਣੀ ਉਨ੍ਹਾਂ ਦੀ ਐਵੇਂ ਬਾਦ ਹੀ ਜਾਂਦੀ ਹੈ; ਰੰਚਕ ਭੀ ਫਲਦਾਇਕ ਨਹੀਂ ਹੁੰਦੀ। ਨਾਮ-ਰਸ-ਰੱਤਿਆਂ ਨੂੰ ਹੀ ਸੱਚਾ ਮੁਕਤ ਫਲ ਮਿਲਦਾ ਹੈ, ਕਿਉਂਕਿ ਸੱਚਾ ਗਿਆਨ ਤਿਨ੍ਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ। ਨਾਮ ਰਸ ਲੀਨ ਹੋਣਾ ਹੀ ਸੱਚਾ ਗਿਆਨ ਹੈ। ਇਹੀ ਸੱਚਾ ਧਿਆਨ ਹੈ, ਪ੍ਰੰਤੂ ਇਹ ਗਿਆਨ ਧਿਆਨ ਗੁਰੂ-ਘਰ ਵਿਖੇ ਪ੍ਰਾਪਤ ਹੁੰਦਾ ਹੈ, ਹੋਰ ਕਿਤੋਂ ਨਹੀਂ। ਗੁਰੂ ਨਾਨਕ ਦੇ ਦੁਆਰਿਓਂ ਹੀ ਮਿਲਦਾ ਹੈ, ਗੁਰੂ ਦੁਆਰਿਓਂ ਵਰੋਸਾਏ ਹੋਏ ਗੁਰੂ-ਘਰ ਦੇ ਗੁਰਮੁਖ ਜਨਾਂ ਦੇ ਰਿਦੰਤਰ ਸਚਾ ਵਾਹਿਗੁਰੂ ਪਰਤੱਖ ਵਸਦਾ, ਪਰਗਟ ਪਹਾਰੇ ਤਿਨ੍ਹਾਂ ਨੂੰ ਨਦਰੀਂ ਆਉਂਦਾ ਹੈ। ਕਿਉਂਕਿ ਅਜਿਹੇ ਗੁਰਮੁਖ ਜਨਾਂ ਦੀ ਨਿਰੀ ਕਥਨਾ ਕਥਨੀ ਨਹੀਂ ਹੁੰਦੀ, ਸਚੀ ਨਾਮ-ਕਮਾਈ ਕਰਨ ਕਰਕੇ ਸਚੀ-ਜੋਤ ਜੋਤੀਸ਼ਰ ਦੀ, ਉਹਨਾਂ ਦੇ ਅੰਦਰ ਆ ਉਤਰਦੀ ਹੈ ਅਤੇ ਉਤਰ ਕੇ ਅੰਦਰ ਹੀ ਸਮਾਇ ਰਹਿੰਦੀ ਹੈ। ਐਸੀ ਅੰਤਰਿ ਜੋਤਿ ਸਮਾਇ ਰਹਿਤ-ਰਹਿਣੀ ਵਾਲੇ ਗੁਰਮੁਖ ਜਨ ਸਦਾ ਅੰਤਰਿ-ਮੁਖ ਰਹਿਸਾਵੰਦੇ ਹਨ। ਐਸੀ ਰਹਿਤ-ਰਹਿਣੀ ਮਨਮੁਖਾਂ ਦੀ ਨਹੀਂ ਹੁੰਦੀ। ਤਿਨ੍ਹਾਂ ਦੀ ਤਾਂ ਮਹਿਜ਼ ਕਥਨੀ ਹੀ ਕਥਨੀ ਹੈ। ਰਹਿਤ-ਰਹੱਸਨੀ ਬਿਹੂਣ ਫੋਕਟ ਕਥਨੀ



www.AKJ.Org

ਚੁੰਚ ਗਿਆਨ ਕਿਸੇ ਭੀ ਲੇਖੇ ਨਹੀਂ । ਨਾਮ ਤੋਂ ਭੁਲਿਆਂ ਭਟਕਿਆਂ ਦਾ ਕਿਤੇ ਭੀ ਠਉਰ ਠਿਕਾਣਾ ਨਹੀਂ ਅਤੇ ਕਿਤੇ ਭੀ ਉਹਨਾਂ ਨੂੰ ਢੋਈ ਨਹੀਂ ਮਿਲਦੀ। ਉਹਨਾਂ ਨੂੰ ਗੁਰਮੁਤਿ ਗਿਆਨ (ਸਚਾ ਵਾਤਸਵੀ ਗਿਆਨ) ਕਿਤੋਂ ਭੀ ਪ੍ਰਾਪਤ ਨਹੀਂ । ਤਾਂ ਤੇ ਉਹ ਢੋਰ ਦੇ ਢੋਰ ਨਾਸਤਕ ਨਿਕੋਰ ਹੀ ਰਹਿੰਦੇ ਹਨ । ਨਾਸਤਕ ਮਨਮੁਖਾਂ ਦਾ ਮਨ ਸਦਾ ਮਾਇਆ ਰੂਪੀ ਭਵਜਲ ਵਿਚ ਹੀ ਗੋਤੇ ਖਾਂਦਾ ਰਹਿੰਦਾ ਹੈ ਅਤੇ ਮਮਤਾ ਰੂਪੀ ਜ਼ਾਲ ਬੰਧਿਆ ਹੋਇਆ ਬਿਖ ਹੀ ਬਿਹਾਜਦਾ, ਬਿਖ ਹੀ ਖਾਜ ਅਖਾਜਦਾ ਰਹਿੰਦਾ ਹੈ ਅਤੇ ਸਾਰਿਆਂ ਅੰਦਰ ਬਿਖ ਮਾਇਆ ਹੀ ਵਿਆਪੀ ਹੋਈ ਦੇਖਦਾ ਹੈ ਅਤੇ ਉਸ ਨੂੰ ਅਕਾਲ ਪੁਰਖ ਦਿਸਦਾ ਹੀ ਨਹੀਂ । ਸਦਾ ਕਾਲ ਦੇ ਚੱਕਰ ਵਿਚ ਹੀ ਭਉਂਦਾ ਫਿਰਦਾ ਹੈ । ਜਿਤਨੀ ਭੀ ਆਵਣ ਜਾਵਣੀ ਮੇਦਨੀ ਹੈ ਸੋ ਸਭ ਕਾਲ ਅੰਦਰ ਗ੍ਰਸੀ ਹੋਈ ਹੈ । ਗੁਰਮੁਖ ਬਣ ਕੇ ਨਾਮ ਨੂੰ ਰਿਦੇ ਅੰਦਰ ਸੰਭਾਲ ਕੇ ਹੀ ਇਹ ਕਾਲ-ਚਕਰ ਕਟਿਆ ਜਾਂਦਾ ਹੈ। ਨਾਮ-ਕਮਾਈ ਕੀਤਿਆਂ ਹੀ ਮੂਧਾ ਪਿਆ ਹੋਇਆ ਕੰਵਲ ਸਿਧਾ ਹੁੰਦਾ ਹੈ । ਫੇਰ ਹੀ (ਇਸ ਬਿਧ ਹੀ) ਆਤਮ ਉਦੋਤੀਏ, ਪ੍ਰਮਾਤਮ ਜੋਤ ਜੋਤੀਏ ਕੰਵਲ ਖੁਲ੍ਹਦੇ ਹਨ ਅਤੇ ਇਕ ਇਹੋ ਕਾਰਜ ਰਾਸ ਆਇਆਂ ਸਾਰੇ ਕਾਰਜ ਰਾਸ ਹੁੰਦੇ ਹਨ । ਤਾਂਤੇ ਸੱਚਾ ਗਿਆਨ ਉਹੀ ਹੈ ਜਿਸ ਨੇ ਗੁਰਮਤਿ ਨਾਮ ਰੂਪੀ ਸ਼ਬਦ ਵਿਖੇ ਲਿਵ ਲਾਈ ਹੈ ਅਤੇ ਇਸ ਲਿਵ ਪ੍ਰਾਪਤ ਕਰ ਸਚੀ ਅਕਾਲੀ ਜੋਤ ਦ੍ਰਿਸ਼ਟ ਦ੍ਰਿਸ਼ਟਾਈ ਹੈ । ਮਨਮੁਖਾਂ ਅਗਿਆਨੀ ਅੰਧਲਿਆਂ ਨੇ ਤਾਂ ਐਵੇਂ ਝੂਠੀ ਗਿਆਨ-ਪ੍ਰਾਪਤੀ ਦਾ ਕੂੜ ਬੋਲਿ ਬੋਲਿ ਆਪਣੀ ਪਤਿ ਹੀ ਗਵਾਈ ਹੈ। ਸਚੀ ਗਿਆਨ-ਰਹਿਣੀ ਰਹਿਣ ਵਾਲਿਆਂ ਗੁਰਮੁਖਾਂ ਤੋਂ ਕਰਤੇ ਪੁਰਖ ਨੇ ਆਪ ਤੁਠ ਕੇ ਸੱਚੀ ਭਗਤਿ ਕਮਾਈ ਕਰਾਈ ਹੈ, ਅਤੇ ਸਚੀ ਵਡਿਆਈ ਆਪਣੇ ਅਜਿਹੇ ਗੁਰਮੁਖ ਭਗਤ ਜਨਾਂ ਨੂੰ ਦਿਵਾਈ ਹੈ, ਜਿਨ੍ਹਾਂ ਦੇ ਅੰਦਰ ਸਚੀ ਜਗਮਗ ਜੋਤ ਜਗਾਈ ਹੈ । ਇਸ ਜੋਤ ਤੋਂ ਸਖਣੇ ਮਨਮੁਖਾਂ ਅੰਧਲੇ ਅਗਿਆਨੀਆਂ ਸਾਕਤਾਂ ਨਾਸਤਕਾਂ ਦੀ ਦ੍ਰਿਸ਼ਟੀ ਅੰਦਰ ਨਾਸਤਕਤਾਈ ਅਗਿਆਨਤਾ-ਮਈ ਕਾਲੀ ਬੋਲੀ ਅੰਧਿਆਰੀ ਰਾਤ ਹੀ ਪਈ ਹੋਈ ਹੈ, ਅਤੇ ਪਈ ਰਹਿੰਦੀ ਹੈ । ਨਾਮ-ਕਮਾਈ ਦੁਆਰਾ ਘਟ-ਪ੍ਰਗਟਾਈ ਜੋਤਿ ਦੇ ਚਾਨਣ ਦੁਆਰਾ ਹੀ ਸਚੀ ਆਸਤਕਤਾ ਦਾ ਉਜਿਆਰਾ ਹੁੰਦਾ ਹੈ । ਤਾਂਤੇ ਇਹ ਨਾਮ ਬਿਨਾਂ ਝੂਠੇ ਅਗਿਆਨੀ ਅੰਧਲੇ ਨਾਸਤਕਾਂ ਅੰਦਰ ਨਾਸਤਕਾਂ ਦੀ ਕੁਚੀਲਤਾ-ਮਈ ਕਛੂਤ ਹੀ ਵਿਆਪੀ ਰਹਿੰਦੀ ਹੈ । ਜੋਤ ਨਾਮ ਰੂਪੀ ਸਚਾ ਗਿਆਨ-ਵੇਦ ਪੁਕਾਰਿਆਂ, ਅੰਤਰ ਉਰਧਾਰਿਆਂ, ਰਸਨੰਦਰਿ ਉਚਾਰਿਆਂ, ਅੰਤਰਿ ਆਤਮੇ ਅਨਹਦ ਸ਼ਬਦ ਉਦੋਤੀ ਸਚੀ ਭਗਤਿ ਧੁਨ ਸਹੋਤੀ ਸ੍ਰਵਣੋਤ ਹੁੰਦੀ ਹੈ, ਜਿਸ ਨੂੰ ਸੁਣ ਸੁਣ ਅਕਾਲ ਪੁਰਖ ਦੀ ਤਤ ਹੋਂਦ-ਮਈ ਆਸਤਕਤਾ ਦੀ ਪਰਤੀਤ ਆਉਂਦੀ ਹੈ । ਅਤੇ ਜੋਤੀਸ਼ ਵਾਹਿਗੁਰੂ ਦੀ ਜੋਤਿ-ਜਗਉਤੀ ਪਰਤਖ ਨਜ਼ਰ ਆਉਂਦੀ ਹੈ । ਤਾਂਤੇ ਨਾਮ ਦ੍ਰਿੜ੍ਹ ਹੋਣਾ ਹੀ ਗੁਰਮੁਖਾਂ ਦਾ ਸਚਾ ਸ਼ਾਸਤ੍ਰ ਸਿੰਮ੍ਰਿਤ ਵੇਦ ਹੈ । ਇਸ ਦੇ ਪਰਤਾਪ ਕਰ, ਸਚੀ ਸ਼ਾਂਤ ਅਤੇ ਸੀਤਲਤਾ ਅੰਦਰ ਵਰਤ ਜਾਣੀ, ਇਹ ਕਰਮਾਂ ਸਿਰ ਉਤਮ (ਸਭ ਤੋਂ ਸ੍ਰੇਸ਼ਟ) ਕਰਮ ਹੈ । ਨਾਮ-ਹੀਣੇ ਮਨਮੁਖ ਸਦਾ ਨਾਸਤਕ ਹੀ ਰਹਿੰਦੇ ਹਨ। ਅਤੇ ਇਸ ਨਾਸਤਕਤਾ ਦਾ ਕਾਰਨ ਲਖ ਚਉਰਾਸੀ ਜੂਨਾਂ ਵਿਚ ਹੀ ਭ੍ਰਮ ਭ੍ਰਮ ਦੁਖ ਹੀ ਸਹਿੰਦੇ ਰਹਿੰਦੇ ਹਨ । ਇਹ ਲਖ ਚਉਰਾਸੀ ਜੂਨਾਂ ਵਿਚ ਭਉਣ ਵਾਲੇ ਆਵਾਗਵਨੀ ਬੰਧਨ, ਨਾਮ ਅੰਦਰ ਵਸਾਇਆਂ ਹੀ ਟੁਟਦੇ ਹਨ । ਨਾਮ ਨਿਦਿਆਸਨ ਕੀਤਿਆਂ ਹੀ ਅਕਾਲ ਪੁਰਖ (ਨਾਮੀ) ਦੀ ਸਚੀ ਪੂਜਾ-ਪ੍ਰਤਿਸ਼ਟਤਾ ਬਣ ਆਉਂਦੀ ਹੈ। ਅਤੇ ਸੱਚੀ ਆਸਤਕਤਾ ਵਾਲੀ ਪ੍ਰਤਿਸ਼ਟਤਾ ਬਝਦੀ ਹੈ। ਨਾਮ ਦੀ ਉਚ ਕਮਾਈ ਕਰਨ ਕਰ ਗੁਰਮੁਖ ਨਾਮ ਅਭਿਆਸੀ ਨੂੰ ਜਿਥੇ ਕਿਤੇ ਅੰਤਰ ਬਾਹਰ ਅਕਾਸ਼ਾਂ ਪਹਾੜਾਂ ਵਿਖੇ ਇਕੋ ਅਕਾਲ ਪੁਰਖ ਹੀ ਪਰੀ-ਪੂਰਨ ਸਮਾਇਆ ਪਰਤਖ ਨਜ਼ਰੀਂ ਆਂਵਦਾ ਹੈ। ਐਸੀ ਪਰਤਖ ਦੇਖਣੀ ਦੇਖ ਕੇ ਹੀ ਅਤੇ ਅੰਤਰਿ ਬਿਸੇਖ ਕੇ ਇਹ ਕਹਿਣਾ ਬਣਦਾ ਹੈ ਕਿ ਅਕਾਲ ਪੁਰਖ ਹੈ । ਐਵੇਂ ਅਖੋਤੀ ਆਖਣ ਭਾਖਣ ਵਿਚ ਕੋਈ ਸੁਆਦ ਨਹੀਂ। ਇਹ ਉਪਰਲਾ ਵੀਚਾਰ ਇਸ ਅਗਲੇ ਵਾਕ ਦੀ ਢੁਕਵੀਂ ਵਿਆਖਿਆ ਹੈ। ਯਥਾ ਗੁਰਵਾਕ :—

ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ
ਵਿਰਲਾ ਬੂਝੈ ਕੋਈ ॥ ਵਿਣੁ ਭੈ ਪਇਐ ਭਗਤਿ

ਨ ਹੋਈ ॥ ਸਬਦਿ ਰਤੇ ਸਦਾ ਸੁਖੁ ਹੋਈ ॥੧॥ ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ਰਹਾਉ॥ ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥ ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਚਾ ਮਨਿ ਸੋਈ ॥ ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥ ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥ ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥ ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥ ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥ ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥ ਸਾਸਤ੍ਰ ਸਿਮ੍ਰਿਤਿ ਨਾਮ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮਾ ਕਰਮੰ ॥ ਮਨਮੁਖਿ ਜੋਨੀ ਦੁਖ ਸਹਾਮੰ ॥ ਬੰਧਨ ਤੂਟੇ ਖਿਨ ਨਾਮ ਵਸਾਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥

[ਬਿਲਾਵਲ ਅਸਟਪਦੀਆ ਮ: ੧, ਪੰ: ੮੩੧

ਆਮ ਅਲਪੱਗ ਇਨਸਾਨ ਵਾਹਿਗੁਰੂ ਭਗਵਾਨ ਦੀ ਗਤਿ-ਮਿਤ ਨਹੀਂ ਜਾਣ ਸਕਦੇ, ਉਹ ਅਲਪੱਗ ਇਨਸਾਨੀ ਅਕਲ ਦੀ ਗਤਿ-ਮਿਤ ਮਿਣਨੀ ਸ਼ਕਤੀਓਂ ਬਾਹਰਾ ਅਵਗਤ ਹੈ, ਗਿਣਤੀ ਮਿਣਤੀ ਵਾਲੀ ਸਾਇੰਟਿਫ਼ਿਕ ਬੁਧੀਓਂ ਅਬੁਧ (ਅਬੁਝ) ਹੈ। ਅਗਿਣਤ ਹੈ, ਉਸ ਦੀ ਥਾਹ ਕਿਸੇ ਨੂੰ ਨਹੀਂ ਆ ਸਕਦੀ। ਉਹ ਅਥਾਹ ਹੈ। ਪਰ ਇਹ ਨਹੀਂ ਕਹਿ ਸਕਦੇ ਕਿ ਉਹ ਹੈ ਹੀ ਨਹੀਂ। ਉਹ ਸਗਲਿਆਂ ਜੀਵਾਂ-ਜੰਤਾਂ ਮੰਝਾਰ ਭੀ ਹੈ, ਬਾਹਰਵਾਰ ਭੀ ਹੈ, ਸਭ ਦਾ ਦਾਤਾਰ ਹੈ। ਅਣਮੰਗਿਆ ਦਾਨ ਦਿੰਦਾ ਹੈ। ਸਭ ਜੀਅ-ਜੰਤ ਉਸ ਦੇ ਮੰਗਤੇ ਜਾਚਕ ਹਨ। ਜਾਚਕਾਂ, ਮੰਗਤ ਜਨਾਂ ਨੂੰ ਮੰਗਿਆਂ ਦਾਨ ਭੀ ਦਿੰਦਾ ਹੈ। ਜਾਚਨਾ ਅਰਦਾਸ ਸਭ ਦੀ ਸੁਣਦਾ ਹੈ। ਇਸ ਕਰਕੇ ਨੇਰੇ ਹੂੰ ਤੇ ਨੇਰੇ ਹੈ। ਦੂਰ ਨਹੀਂ, ਸਭ ਦੇ ਸੰਗਿ ਵਸਦਾ ਹੈ। ਦ੍ਰਿਸਟੇ ਜਨਾਂ ਨੂੰ ਜ਼ਾਹਰਾ ਦ੍ਰਿਸ਼ਟੀ ਆਉਂਦਾ ਹੈ। ਆਪਣੇ ਭਗਤਾਂ ਦੇ ਵਸਗਤ ਹੋ ਕੇ, ਉਹਨਾਂ ਨੂੰ ਗਲਵਕੜੀ ਪਾ ਕੇ ਆ ਮਿਲਦਾ ਹੈ। ਘਟਿ ਅੰਤਰਿ ਹੀ ਪਰਗਟ ਪ੍ਰਜੁਲਤ ਹੋ ਕੇ ਸਚੀ ਮੇਲ-ਮਿਲੌਣੀ ਮਿਲਦਾ ਹੈ। ਐਸੇ ਤੁਠ ਕੇ ਮਿਲਣਹਾਰ ਪ੍ਰੀਤਮ-ਵਾਹਿਗੁਰੂ ਦੀ ਮਹਿਮਾ ਮਿਣੀ ਜਾ ਸਕੇ ਤਾਂ ਕਿਸ ਬਿਧ ਮਿਣੀ ਜਾਵੇ। ਜਿਨ੍ਹਾਂ ਉਪਰ ਉਹ ਐਸੀ ਕਿਰਪਾ ਕਰ ਤੁਠਦਾ ਵਰੁਦਾ ਹੈ, ਤਿਨ੍ਹਾਂ ਭਗਤਾਂ, ਸੰਤਾਂ-ਸਾਧਾਂ ਦੇ ਚਰਨਾਂ ਤੇ ਸੀਸ ਧਰੀ ਰਖੀਏ। ਇਹੋ ਦਾਨ ਗੁਰੂ-ਘਰੋਂ, ਗੁਰੂ-ਦੁਆਰਿਓਂ, ਗੁਰੂ ਨਾਨਕ-ਦਰੋਂ ਸਦਾ ਜਾਚੀਏ ਬਾਂਛੀਏ। ਇਉਂ ਵਾਹਿਗੁਰੂ ਦੀ ਪਰਤਖ ਹੋਂਦ-ਹਸਤੀ ਦਾ ਨਜ਼ਾਰਾ ਆਪਣੀ ਅਖੀਂ ਪੇਖੀ ਵਿਸੇਖੀਦਾ ਹੈ, ਜੈਸਾ ਕਿ ਇਹ ਗੁਰਵਾਕ ਸਾਖਾ ਭਰਦਾ ਹੈ —

ਅਵਿਗਤ ਅਗਨਤ ਅਥਾਹ ਠਾਕੁਰ, ਸਗਲ ਮੰਝੇ ਬਾਹਰਾ ॥ ਸਰਬ ਜਾਚਿਕ ਏਕੁ ਦਾਤਾ, ਨਹ ਦੂਰਿ ਸੰਗੀ ਜਾਹਰਾ ॥ ਵਸਿ ਭਗਤ ਥੀਆ ਮਿਲੇ ਜੀਆ, ਤਾ ਕੀ ਉਪਮਾ ਕਿਤ ਗਨੀ ॥ ਇਹੁ ਦਾਨੁ ਮਾਨੁ ਨਾਨਕੁ ਪਾਏ, ਸੀਸੁ ਸਾਧਹ ਧਰਿ ਚਰਨੀ ॥੪॥੨॥

[ਆਸਾ ਮ: ੫, ਪੰਨਾ ੪੫੬

ਜਿਨ੍ਹਾਂ ਨੂੰ ਗੁਰੂ ਨਾਨਕ ਦੇ ਦਰ-ਘਰ ਤੋਂ ਸਚੇ ਨਾਮ-ਮੰਤਰ ਦੀ ਬਡਾਈ ਮਿਲੀ ਹੈ ਤਿਨ੍ਹਾਂ ਦੀ ਗਹਿਣ-ਗਤ ਕੁਛ ਨਹੀਂ ਕਹੀ ਜਾ ਸਕਦੀ। ਐਸੇ ਸੰਤ ਜਨ ਨਾਮ ਜਪ ਜਪ ਤ੍ਰਿਪਤ ਅਘਾਇ ਰਹਿੰਦੇ ਹਨ, ਨਾਮ-ਅਭਿਆਸ ਦੀ ਗੁਰਮਤਿ-ਦਰਸਾਈ ਕਮਾਈ ਕਰਿ, ਤਿਨ੍ਹਾਂ ਨੂੰ ਨਾਮ ਲਾਲ ਅਮੋਲਾ ਲਾਲ ਹੋ ਕੇ ਅੰਤਰਿ ਹੀ ਪੱਕਰਿਆ ਰਸ-ਜੋਤੱਕਰਿਆ ਹੈ। ਇਸ ਜੋਤੱਕਰੀ



www.AKJ.Org

ਜਗਨਤਾ ਦੀ ਦਸ਼ਾ ਅੰਦਰ ਨਾਮ ਸਚ ਮੁਚ ਅਗਾਹ ਅਤੋਲਾ ਹੈ । ਨਾਮ ਦੀ ਇਸ ਅਗਾਹ ਅਤੋਲਤਾ ਵਾਲੀ ਪਰਕਾਸ਼-ਪ੍ਰਜੁਲਤਾ ਵਿਚ ਤ੍ਰਿਬੂਡ ਹੋ ਕੇ ਹੀ ਨਾਮੀ ਵਾਹਿਗੁਰੂ ਅਕਾਲ ਪੁਰਖ ਦੀ ਅਗਾਧਤਾ ਅਤੇ ਅਡੋਲਤਾ ਦਾ ਕਿੰਚਤ ਮਾਤ੍ਰ ਅੰਦਾਜ਼ਾ ਲਗ ਸਕਦਾ ਹੈ । ਅਤੇ ਪਤਾ ਲਗ ਸਕਦਾ ਹੈ ਕਿ ਸਚਮੁਚ ਉਹ ਅਵਗਤ ਹੈ। ਇਸ ਅਵਗਤ ਦਾ ਤਤ ਗਿਆਨ ਗੁਰਮੁਖ ਜਨਾਂ ਨਾਮ ਅਭਿਆਸੀਆਂ ਨੂੰ ਹਸਤਾਮਲ ਵਤ ਪ੍ਰਗਟ ਹੋਇ ਆਂਵਦਾ ਹੈ । ਜਿਨ੍ਹਾਂ ਸੰਤ ਜਨਾਂ ਗੁਰਮੁਖਾਂ ਦਾ ਇਸ ਬਿਧਿ ਅਵਗਤ ਸਿਉ ਮਨ ਮਾਨਿਆ ਹੈ, ਉਹ ਸਾਰੇ ਹੀ ਪਰੀਪੂਰਨ ਪਾਰਬ੍ਰਹਮਿ ਅਗੰਮ ਨੂੰ ਆਪਣੇ ਧਿਆਨ ਅੰਦਰਿ ਹੀ ਪਰਤਖ ਦੇਖਦੇ ਹਨ ਅਤੇ ਪੇਖ ਪੇਖ ਵਿਗਸਦੇ ਵਿਗਸਾਉਂਦੇ ਹਨ । ਐਸੀ ਉਚ ਪਦਵੀ ਨੂੰ ਪਾਇ ਕੈ ਭੀ ਸੰਕਲਪ ਮਾਤ੍ਰ ਭੀ ਉਹਨਾਂ ਨੂੰ ਇਹ ਫੁਰਨਾ ਨਹੀਂ ਫੁਰਦਾ, ਸੂਖਸ਼ਮ ਤੋਂ ਸੂਖਸ਼ਮ ਅਭਿਮਾਨ ਅਹੰਕਾਰ ਦਾ, ਕਿ ਪ੍ਰਮੇਸ਼ਰ ਉਹਨਾਂ ਨੇ ਪਾ ਲਿਆ ਹੈ। ਇਸ ਪਰਮ ਪਦ ਨੂੰ ਪਾਇ ਕੈ ਤਿਨ੍ਹਾਂ ਦਾ ਇਸ ਜਾਮੇ ਅੰਦਰ ਹੀ ਨਿਹਚਲ ਥਾਨ ਵਿਚ ਵਾਸਾ ਹੋ ਜਾਂਦਾ ਹੈ । ਇਉਂ ਨਿਹਚਲ ਠਾਣੇ ਟਿਕਾਣੇ ਵਾਲਾ ਮਹਲ ਪਛਾਣਨਾ, ਗੁਰੂ, ਕੇਵਲ ਗੁਰੂ ਦੇ ਪਰਤਾਪ ਕਰਕੇ ਹੀ ਹੋ ਸਕਦਾ ਹੈ। ਇਸ ਮਹਲ ਅੰਦਰ ਗੁਰੂ ਅਤੇ ਵਾਹਿਗੁਰੂ ਅਕਾਲ ਪੁਰਖ ਦੋਹਾਂ ਨਾਲ ਹੀ ਮੇਲ ਹੋਇਆ ਰਹਿੰਦਾ ਹੈ। ਮੇਲ ਭੀ ਸਚੜਾ ਮੇਲ । ਇਸ ਮੇਲ-ਮਿਲਾਉਣੀ ਦਾ ਸੁਹਾਗ ਭਾਗ ਮਾਣਦਿਆਂ ਅਹਿਨਿਸ ਜਾਗ-ਸੁਜਾਗੇ ਰਹੀਦਾ ਹੈ। ਅਤੇ ਜਾਗ-ਸੁਜਾਗੇ, ਸਾਵਧਾਨਤਾ-ਪਾਗੇ ਹੋਏ ਵਾਹਿਗੁਰੂ ਦੀ ਸਿਮਰਨ ਰੂਪੀ ਸੇਵਾ ਵਿਖੇ ਸਗੋਂ ਹੋਰ ਅਭੀਚ ਰੰਗਾਂ ਵਿਚ ਤਤਪਰ ਹੋਈਦਾ ਹੈ । ਇਹ ਆਤਮ ਬਵਸਥਾ ਪੂਰਨ ਤ੍ਰਿਪਤ ਅਘਾਵਣੀ ਅਵਸਥਾ ਹੁੰਦੀ ਹੈ । ਇਹ (ਅਵਸਥਾ) ਸਦਾ ਅਸਥਿਰ ਹਰਿ ਭੰਡਾਰ ਗੁਰੂ ਨਾਨਕ ਸਾਹਿਬ ਦੇ ਦਰੋਂ ਦਰਬਾਰੋਂ ਹੀ ਹੱਥ ਆਂਵਦੀ ਹੈ। ਯਥਾ ਗੁਰਵਾਕ :—

ਤ੍ਰਿਪਤਿ ਅਘਾਏ ਸੰਤਾ ॥ ਗੁਰ ਜਾਨੇ ਜਿਨ ਮੰਤਾ ॥ ਤਾ ਕੀ ਕਿਛੁ ਕਹਨੁ ਨ ਜਾਈ ॥ ਜਾ ਕਉ ਨਾਮ ਬਡਾਈ ॥੧॥ ਲਾਲੁ ਅਮੋਲਾ ਲਾਲੋ ॥ ਅਗਹ ਅਤੋਲਾ ਨਾਮੋ ॥੧॥ਰਹਾਉ॥ ਅਵਿਗਤ ਸਿਉ ਮਾਨਿਆ ਮਾਨੋ ॥ ਗੁਰਮੁਖਿ ਤਤੁ ਗਿਆਨੋ ॥ ਪੇਖਤ ਸਗਲ ਧਿਆਨੋ ॥ ਤਜਿਓ ਮਨ ਤੇ ਅਭਿਮਾਨੋ ॥੨॥ ਨਿਹਚਲੁ ਤਿਨ ਕਾ ਠਾਣਾ ॥ ਗੁਰ ਤੇ ਮਹਲੁ ਪਛਾਣਾ ॥ ਅਨਦਿਨੁ ਗੁਰ ਮਿਲਿ ਜਾਗੇ ॥ ਹਰਿ ਕੀ ਸੇਵਾ ਲਾਗੇ ॥੩॥ ਪੂਰਨ ਤ੍ਰਿਪਤਿ ਅਘਾਏ ॥ ਸਹਜ ਸਮਾਧਿ ਸੁਭਾਏ ॥ ਹਰਿ ਭੰਡਾਰੁ ਹਾਥਿ ਆਇਆ ॥ ਨਾਨਕ ਗੁਰ ਤੇ ਪਾਇਆ ॥੪॥੭॥੨੩॥

[ਮਾਰੂ ਮ: ੫, ਪੰਨਾ ੧੦੦੬

ਜਿਸ ਵਾਹਿਗੁਰੂ ਨੂੰ ਅਵਗਤ, ਗਹਿਣ-ਗਤਿ ਨ ਆਉਣ ਵਾਲਾ ਜਾਣ ਕੇ ਸ਼ਰਧਾ-ਹੀਣ ਲੋਕ ਕੋਰੇ ਨਾਸਤਕ ਹੋ ਬੈਠਦੇ ਹਨ, ਉਸ ਅਵਗਤ ਦੀ ਗਤ ਗੁਰੂ-ਘਰ ਦੇ ਗੁਰਮੁਖ ਜਨਾਂ ਨੇ ਜਾਣੀ ਹੈ। ਪਰ ਤਾਂ ਜਾਣੀ ਹੈ ਜਾਂ ਸ਼ਬਦ-ਗੁਰਮੰਤ੍ਰ ਦੀ ਅਤੁਟ ਅਭਿਆਸ-ਕਮਾਈ ਕੀਤੀ ਹੈ; ਐਵੇਂ ਨਹੀਂ । ਗੁਰ-ਸ਼ਬਦ ਦੁਆਰਾ ਜਾਣੀ ਪਛਾਣੀ ਹੋਈ ਅਵਗਤ ਦੀ ਗਤ ਗੁਰਮੁਖ ਜਨਾਂ ਨੂੰ "ਇਕੋ ਰਵਿ ਰਹਿਆ ਨਿਰਬਾਨੀ" ਤਾਈਂ ਪ੍ਰਤੱਖ ਲਖਾਉਂਦੀ ਹੈ । ਤਿਨ੍ਹਾਂ ਨੂੰ ਇਕ ਅਕਾਲ ਪੁਰਖ ਸਾਰੇ ਪਰੀਪੂਰਨ ਰਵਿ ਰਹਿਆ ਦਿਖਾਈ ਦਿੰਦਾ ਹੈ। ਜਿਨ੍ਹਾਂ ਗੁਰਮੁਖਾਂ ਨੇ ਇਹ ਪਰਤੱਖ ਪਰਗਟ ਸਰੂਪ ਵਿਚ ਅਵਗਤ ਦੀ ਗਤ ਜਾਤੀ ਹੈ ਤਿਨ੍ਹਾਂ ਦੇ ਦਸਮ ਦੁਆਰ ਦਿਨ ਰਾਤੀ ਅਨਹਦ ਸ਼ਬਦ ਵਜਦਾ ਰਹਿੰਦਾ ਹੈ । ਯਥਾ ਗੁਰਵਾਕ :—

ਅਨਹਦੁ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥ ਤਉ ਜਾਨੀ ਜਾ ਸਬਦਿ ਪਛਾਨੀ ॥ ਏਕੋ ਰਵਿ ਰਹਿਆ ਨਿਰਬਾਨੀ ॥੭॥ [ਰਾਮਕਲੀ ਮਹਲਾ ੧, ਪੰਨਾ ੯੦੪

['ਅਣਡਿੱਠੀ ਦੁਨੀਆ' ਪੁਸਤਕ ਵਿਚੋਂ'

**ਗੁਰਬਾਣੀ ਦਾ ਹਰ ਰੂਪ ਵਿਚ ਹਰ ਥਾਂ ਪੂਰਨ ਸਤਿਕਾਰ ਕਰੋ ।**

www.AKJ.Org

# ਭਾਈ ਸਾਹਿਬ ਜੀ ਦੀਆਂ ਪੁਸਤਕਾਂ ਬਾਰੇ ਸੂਚਨਾ

[ ਵਲੋਂ—ਭਾਈ ਸਾਹਿਬ ਬਲਬੀਰ ਸਿੰਘ ਜੀ, ਲੁਧਿਆਣਾ ]

ਪੂਜਯ ਪਿਤਾ, ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੇ ਜੀਵਨ-ਕਾਲ ਵਿਚ ਗੁਰਮਤਿ ਦੇ ਭਿੰਨ ਭਿੰਨ ਵਿਸ਼ਿਆਂ ਉਤੇ ੪੦ ਦੇ ਕਰੀਬ ਬੜੀਆਂ ਖੋਜ ਭਰੀਆਂ ਪੁਸਤਕਾਂ ਲਿਖੀਆਂ। ਛਪਾਈ ਲਈ ਜਿਉਂ ਜਿਉਂ ਪ੍ਰੇਮੀ ਸਜਨਾਂ ਵਲੋਂ ਮਾਇਆ ਆਉਂਦੀ ਰਹੀ, ਤਿਉਂ ਤਿਉਂ ਇਹ ਮਾਇਆ ਭਾਈ ਸਾਹਿਬ ਜੀ ਆਪਣੇ ਕੁਝ ਨਿਕਟਵਰਤੀਆਂ ਨੂੰ ਪੁਸਤਕਾਂ ਦੀ ਛਪਾਈ ਲਈ ਸੌਂਪਦੇ ਰਹੇ। ਜਿਨ੍ਹਾਂ ਸਜਨਾਂ ਨੇ ਇਸ ਛਪਾਈ ਦੇ ਪ੍ਰਬੰਧ ਨੂੰ ਪੂਜਯ ਪਿਤਾ, ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਗੁਰਪੁਰੀ ਪਿਆਨੇ ਕਰਨ ਤਕ ਨਿਭਾਇਆ, ਉਨ੍ਹਾਂ ਵਿਚੋਂ ਉਘੇ ਸਜਨਾਂ ਦੇ ਨਾਮ ਵਰਨਣ ਯੋਗ ਹਨ। ਉਹ ਇਹ ਹਨ : ਗਿਆਨੀ ਨਾਹਰ ਸਿੰਘ ਜੀ ਗੁਜਰਵਾਲ, ਗਿਆਨੀ ਹਰਭਜਨ ਸਿੰਘ ਜੀ ਚਮਿੰਡਾ, ਭਾਈ ਕਰਤਾਰ ਸਿੰਘ ਜੀ ਕੈਨੇਡੀਅਨ। ਭਾਈ ਕਰਤਾਰ ਸਿੰਘ ਜੀ ਕੈਨੇਡੀਅਨ, ਜੋ ਭਾਈ ਸਾਹਿਬ ਜੀ ਨਾਲ ਤਕਰੀਬਨ ਬਾਰ੍ਹਾਂ ਸਾਲ ਜੇਲ੍ਹ ਵੀ ਰਹੇ, ਦੇਸ਼ ਦੀ ਵੰਡ ਤੋਂ ਪਹਿਲਾਂ ਚੜ੍ਹਾਈ ਕਰ ਗਏ ਸਨ। ਗਿਆਨੀ ਨਾਹਰ ਸਿੰਘ ਜੀ ੨੪ ਅਕਤੂਬਰ ੧੯੭੨ ਨੂੰ ਅਕਾਲ ਚਲਾਣਾ ਕਰ ਗਏ। ਗਿਆਨੀ ਹਰਭਜਨ ਸਿੰਘ ਜੀ ਬਿਰਧ ਅਵਸਥਾ ਕਾਰਨ ਪ੍ਰੈਸ ਦੇ ਕੰਮਾਂ ਤੋਂ ਰੀਟਾਇਰ ਹੋ ਗਏ ਹਨ। ਇਨ੍ਹਾਂ ਸਜਨਾਂ ਨੇ ਬੜੀ ਲਗਨ ਤੇ ਉਤਸ਼ਾਹ ਨਾਲ ਇਹ ਸੇਵਾ ਨਿਭਾਈ ਹੈ, ਜਿਸ ਦੇ ਅਸੀਂ ਬਹੁਤ ਧੰਨਵਾਦੀ ਹਾਂ।

ਭਾਈ ਸਾਹਿਬ ਜੀ ਦੇ ਗੁਰਪੁਰੀ ਪਿਆਨੇ ਕਰਨ ਉਪਰੰਤ ਪੁਸਤਕਾਂ ਦੀ ਛਪਾਈ ਦਾ ਪ੍ਰਬੰਧ ਅਸੀਂ ਆਪਣੇ ਹੱਥ ਲੈ ਲਿਆ। ਸਭ ਤੋਂ ਪਹਿਲਾ ਯਤਨ ਸਾਡਾ 'ਜੇਲ੍ਹ ਚਿੱਠੀਆਂ' ਦਾ ਅੰਗ੍ਰੇਜ਼ੀ ਤਰਜਮਾ ਸੀ, ਜੋ ਸ੍ਰੀਮਾਨ ਭਾਈ ਸਾਹਿਬ ਜੀ ਸ਼ੁਰੂ ਕਰਵਾ ਗਏ ਸਨ। ਇਸ ਅੰਗ੍ਰੇਜ਼ੀ ਤਰਜਮੇ ਵਿਚ ਤਕਰੀਬਨ ੭੦ ਸਫ਼ੇ ਦੀ ਖੋਜ-ਭਰਪੂਰ ਭੂਮਿਕਾ ਵਿਚ ਭਾਈ ਸਾਹਿਬ ਦੇ ਜੇਲ੍ਹ ਜਾਣ ਤੋਂ ਪਹਿਲਾਂ ਦੇ, ਗੁਰਦਵਾਰਾ ਰਕਾਬਗੰਜ ਸਬੰਧੀ ਅੰਦੋਲਨ, ਤੇ ਦੇਸ਼ ਦੀ ਅਜ਼ਾਦੀ ਲਈ ੧੯੧੪–੧੫ ਦੀ ਗ਼ਦਰ-ਲਹਿਰ ਨਾਲ ਸੰਬੰਧਤ ਹਾਲਾਤ ਬੜੇ ਵਿਸਥਾਰ ਸਹਿਤ ਖੋਜ ਉਪਰੰਤ ਅੰਕਿਤ ਕੀਤੇ ਗਏ ਹਨ। ਜੇਲ੍ਹ ਚਿੱਠੀਆਂ ਨੂੰ ਵੀ ਇਤਿਹਾਸਕ ਕਰਮ-ਵਾਰ ਤਰਤੀਬ ਦੇ ਦਿਤੀ ਗਈ ਹੈ। ਇਸ ਤਰਜਮੇ ਦੀ ਵਿਦਵਾਨਾਂ ਨੇ ਬੜੀ ਪ੍ਰਸੰਸਾ ਕੀਤੀ ਹੈ।

ਗਿਆਨੀ ਹਰਭਜਨ ਸਿੰਘ ਜੀ ਨੇ ਭਾਈ ਰਣਧੀਰ ਸਿੰਘ ਦੀਆਂ ਪੁਸਤਕਾਂ ਦਾ ਸਾਰਾ ਸਟਾਕ, ਜੋ ਉਨ੍ਹਾਂ ਪਾਸ ਸੀ, ਸਾਨੂੰ ਸੌਂਪ ਦਿਤਾ ਹੈ। ੪੦ ਪੁਸਤਕਾਂ ਵਿਚੋਂ ਤਕਰੀਬਨ ਅਧੀਆਂ ਖ਼ਤਮ ਹੋ ਚੁਕੀਆਂ ਹਨ। ਇਨ੍ਹਾਂ ਅਣਛਪੀਆਂ ਪੰਜਾਬੀ ਦੀਆਂ ਪੁਸਤਕਾਂ ਵਿਚੋਂ **'ਗੁਰਮਤਿ ਸੱਚ ਨਿਰਣੇ'** ਦੀ ਦੂਸਰੀ ਐਡੀਸ਼ਨ ਅਸੀਂ ਛਾਪ ਕੇ ਅਪ੍ਰੈਲ ੧੯੭੪ ਦੀ ਵਿਸਾਖੀ ਦੇ ਸ਼ੁਭ ਦਿਹਾੜੇ ਪੇਸ਼ ਕੀਤੀ ਹੈ। ਬਾਕੀ ਸਾਰੀਆਂ ਅਣਛਪੀਆਂ ਪੁਸਤਕਾਂ ਦੀਆਂ ਐਡੀਸ਼ਨਾਂ ਸਾਲ ਡੇਢ ਸਾਲ ਦੇ ਅੰਦਰ ਅੰਦਰ ਬੜੇ ਸ਼ੁਧ ਤੇ ਸੁੰਦਰ ਰੂਪ ਵਿਚ ਪੇਸ਼ ਕਰਨ ਦੀ ਸਾਡੀ ਯੋਜਨਾ ਹੈ, ਜੋ ਪ੍ਰੇਮੀ ਸਜਨਾਂ ਦੇ ਸਹਿਯੋਗ ਨਾਲ, ਆਸ ਹੈ, ਸਤਿਗੁਰੂ ਪੂਰੀ ਕਰੇਗਾ। ਇਹ ਪੁਸਤਕਾਂ ਦੀ ਸੇਵਾ ਕਿਸੇ ਦੇ ਨਿੱਜੀ ਲਾਭ ਲਈ ਨਹੀਂ, ਸਗੋਂ ਸੰਗਤਾਂ ਦੀ ਸੇਵਾ ਲਈ ਲਾਗਤ ਮਾਤਰ ਕੀਮਤ ਤੇ ਹੀ ਕੀਤੀ ਜਾ ਰਹੀ ਹੈ।

ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਸਾਨੂੰ ਪੁਸਤਕਾਂ ਛਾਪਣ ਲਈ ਬੜੀ ਸ਼ਰਧਾ ਤੇ ਉਤਸ਼ਾਹ ਪੂਰਵਕ ਮਾਇਆ ਭੇਜੀ ਹੈ, ਉਨ੍ਹਾਂ ਦੇ ਅਸੀਂ ਤਨੋਂ ਮਨੋਂ ਧੰਨਵਾਦੀ ਹਾਂ। ਜੋ ਵੀ ਮਾਇਆ ਅਗੋਂ ਨੂੰ ਪ੍ਰੇਮੀ ਸਜਨ ਭੇਜਣਾ ਚਾਹੁਣ ਉਹ "ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, ੧੨੯-ਮਾਡਲ ਟਾਊਨ, ਲੁਧਿਆਣਾ" ਦੇ ਪਤੇ ਤੇ ਹੀ ਭੇਜਣ। ਹਰ ਪਹੁੰਚੀ ਮਾਇਆ ਦੀ ਰਸੀਦ ਸਾਡੇ ਦਫ਼ਤਰ ਵਲੋਂ ਭੇਜੀ ਜਾਵੇਗੀ।



www.AKJ.Org

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਦੀ ਸੂਚੀ :–

ਜੇ ਆਪ ਜੀ ਆਤਮ-ਰੰਗਾਂ ਤੇ ਨੂਰਾਨੀ ਚਮਤਕਾਰਾਂ ਵਾਲੀ ਦੁਨੀਆ ਦਾ ਦਰਸ਼ਨ ਕਰਨਾ ਚਾਹੁੰਦੇ ਹੋ ਤੇ ਨਾਮ ਬਾਣੀ ਦੇ ਪਰਤੱਖ ਕ੍ਰਿਸ਼ਮੇ ਵਾਲੇ ਤਜਰਬੇ ਜਾਨਣਾ ਚਾਹੁੰਦੇ ਹੋ ਤਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤਿ ਹੇਠ ਲਿਖੀਆਂ ਪੁਸਤਕਾਂ ਪੜ੍ਹ ਕੇ ਅਨੰਦ ਲਓ –

Autobiography of Bhai Sahib Randhir Singh Ji.
Translated by Dr. Trilochan Singh. Rs. 20-00

੧. ਜੇਲ੍ਹ ਚਿੱਠੀਆਂ
੨. ਗੁਰਮਤਿ ਨਾਮ ਅਭਿਆਸ ਕਮਾਈ
੩. ਗੁਰਮਤਿ ਲੇਖ
੪. ਅਨਹਦ ਸ਼ਬਦ ਦਸਮ ਦੁਆਰ
੫. ਗੁਰਮਤਿ ਸਚ ਨਿਰਣੇ (ਨਵਾਂ ਰੂਪ)
੬. ਰੰਗਲੇ ਸਜਣ
੭. ਸੰਤ ਪਦ ਨਿਰਣੇ
੮. ਗੁਰਮਤਿ ਗੌਰਵਤਾ
੯. ਝਟਕਾ ਮਾਸ ਪ੍ਰਥਾਇ ਗੁਰਮਤਿ ਤਤ ਨਿਰਣੇ
੧੦. ਦਰਸ਼ਨ ਝਲਕਾਂ (ਕਵਿਤਾ)
੧੧. ਸਚਖੰਡ ਦਰਸ਼ਨ
੧੨. ਚਰਨ ਕਮਲ ਕੀ ਮਉਜ
੧੩. ਅੰਮ੍ਰਿਤ ਕਲਾ (ਟ੍ਰੈਕਟ)
੧੪. ਬਾਬਾ ਵੈਦ ਰੋਗੀਆਂ ਦਾ ,,
੧੫. ਸਿਖ ਕੌਣ ਹੈ ? ,,
੧੬. ਆਸਤਕ ਨਾਸਤਕ ,,
੧੭. ਸਚੀਆਂ ਦਾੜ੍ਹੀਆਂ ,,
੧੮. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ,,
੧੯. ਅਕਾਲ ਪੁਰਖ ਦੇ ਪਰਤੱਖ ਦਰਸ਼ਨ ,,
੨੦. ਵਾਹਿਗੁਰੂ ਸਿਮਰਨ ,,
੨੧. ਨਾਮ ਸਬੰਧੀ ਵਿਚਾਰ ,,
੨੨. ਸਿਖੀ ਸਿਦਕ ਤੇ ਧਰਮ ਰਖਿਆ ,,
੨੩. ਕੀਰਤਨੀ ਜੱਥੇ ਦੀ ਦਾਸਤਾਨ ,,

### ਛਪਣ ਵਾਲੀਆਂ ਪੁਸਤਕਾਂ

੧. ਗੁਰਮਤਿ ਬਿਬੇਕ
੨. ਅਣਡਿਠੀ ਦੁਨੀਆ
੩. ਗੁਰਮਤਿ ਕਰਮ ਫ਼ਿਲਾਸਫ਼ੀ
੪. ਕਥਾ ਕੀਰਤਨ
੫. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ
੬. ਗੁਰਮਤਿ ਪ੍ਰਕਾਸ਼
੭. ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ-ਪ੍ਰਸਤੀ ਹੈ ?
੮. ਜੋਤਿ ਵਿਗਾਸ (ਕਵਿਤਾ)
੯. ਨਾਮ ਦਾ ਦਾਤਾ ਸਤਿਗੁਰੂ
੧੦. ਸ਼ੰਕਿਆਂ ਦੇ ਉੱਤਰ
੧੧. ਗੁਰਮਤਿ ਵਿਚਾਰ
੧੨. ਅੰਮ੍ਰਿਤ ਕੀ ਹੈ (ਟ੍ਰੈਕਟ)
੧੩. ਸੁਪਨਾ ,,
੧੪. ਗਿਆਨ ਚਾਨਣਾ ,,
੧੫. ਹਉਮੈ ਨਾਵੈ ਨਾਲ ਵਿਰੋਧ ,,
੧੬. ਕੋ ਵਿਰਲਾ ਗੁਰਮਤਿ ਚਲੇ ,,
੧੭. ਗੁਰਮਤਿ ਰਮਜ਼ਾਂ ,,
੧੮. ਸਿੰਘਾਂ ਦਾ ਪੰਥ ਨਿਰਾਲਾ ,,

ਉਪਰੋਕਤ ਪੁਸਤਕਾਂ ਪੜ੍ਹ ਕੇ ਗੁਰਮਤਿ ਦੀ ਸੋਝੀ ਪੈਂਦੀ ਹੈ, ਗੁਰੂ-ਚਰਨਾਂ ਨਾਲ ਪ੍ਰੀਤ ਉਪਜਦੀ ਹੈ ਅਤੇ ਨਾਮ-ਰੰਗਾਂ ਵਿਚ ਰੰਗੀਜੇ ਜਾਈਦਾ ਹੈ ।

www.AKJ.Org

# ਇਕ ਆਦਰਸ਼ਕ ਵਿਆਹ

[ ਵਲੋਂ—ਸ: ਦਸੋਂਧਾ ਸਿੰਘ ਜੀ, ਰੀਟਾਇਰਡ ਹੈੱਡਮਾਸਟਰ, ਪੱਟੀ ]

ਮੇਰੇ ਵਡੇ ਭਰਾ ਜੀ ਲਾਸ਼ੋ (ਬਰਮਾ) ਵਿਚ ਟਰੱਕ-ਉਪਰੇਟਰ ਸਨ। ਦੂਸਰੇ ਸੰਸਾਰ-ਯੁਧ ਤੋਂ ਪਿਛੋਂ ਜਦ ਉਹ ਪਿੰਡ ਪਰਤ ਆਏ, ਤਾਂ ਉਨ੍ਹਾਂ ਦੇ ਦੋ ਸਾਥੀ ਉਨ੍ਹਾਂ ਨੂੰ ਮਿਲਣ ਆਏ। ਭਰਾ ਜੀ ਨੇ ਕਿਹਾ ਕਿ ਇਨ੍ਹਾਂ ਦੇ ਵਿਆਹ ਬੜੇ ਹੀ ਮਨੋਰੰਜਕ ਸਨ ਤੇ ਸੁਨਣ ਹੀ ਵਾਲੇ ਹਨ। ਕਿਸੇ ਤੀਜੇ ਤਿਹਾਕ ਦੀ ਬਜਾਏ ਏਨ੍ਹਾਂ ਦੇ ਮੂੰਹੋਂ ਸੁਣ ਕੇ ਤੁਹਾਨੂੰ ਜ਼ਿਆਦਾ ਅਨੰਦ ਆਵੇਗਾ। ਸਾਡੀ ਬੇਨਤੀ ਪ੍ਰਵਾਨ ਕਰਦੇ ਹੋਏ ਵਡੇ ਭਰਾ ਨੇ ਇਸ ਤਰ੍ਹਾਂ ਕਹਿਣਾ ਸ਼ੁਰੂ ਕੀਤਾ :—

ਸਾਡਾ ਪਿੰਡ ਲੁਧਿਆਣੇ ਤੋਂ ਕੋਈ ਪੰਜ ਛੇ ਮੀਲ ਦੀ ਵਿਥ ਤੇ ਹੈ। ਸਾਡੇ ਪਿਤਾ ਜੀ ੨੪—੨੫ ਸਾਲ ਦੀ ਉਮਰ ਵਿਚ ਹੀ ਫ਼ੋਜ ਵਿਚ ਭਰਤੀ ਹੋ ਗਏ ਤੇ ੨੦ ਸਾਲ ਨੌਕਰੀ ਕਰ ਕੇ ਪੈਨਸ਼ਨ ਤੇ ਆ ਕੇ ਕੋਈ ੪੫ ਸਾਲ ਦੀ ਉਮਰ ਵਿਚ ਵਿਆਹ ਕਰਵਾਇਆ। ਅਸੀਂ ਤਿੰਨ ਭਰਾ ਪਿਛਲੀ ਉਮਰ ਦੀ ਸੰਤਾਨ ਸਾਂ। ਪਿਤਾ ਜੀ ਵਡੇਰੀ ਉਮਰ ਦੇ ਤੇ ਕਲਾਪੇ ਹੋਣ ਕਰਕੇ ਵਾਹੀ ਦਾ ਕੰਮ ਨਹੀਂ ਸਨ ਕਰ ਸਕਦੇ। ਜਦ ਅਸੀਂ ਪੰਦਰਾਂ ਸੋਲਾਂ ਸਾਲਾਂ ਦੇ ਹੋਏ ਤਾਂ ਵੀਹ ਵਿਘੇ ਭੋਂ ਵਿਚੋਂ ਅਧੀ ਗਹਿਣੇ ਪੈ ਚੁਕੀ ਸੀ। ਇਸ ਲਈ ਸਾਡੇ ਲਈ ਵਾਹੀ ਦਾ ਕੰਮ ਕਰਨਾ ਮੁਸ਼ਕਿਲ ਹੋ ਗਿਆ। ਸਾਡੇ ਪਿੰਡ ਦੇ ਦੋ ਤਿੰਨ ਸਜਣ ਲਾਸ਼ੋ ਗਏ ਹੋਏ ਸਨ ਤੇ ਓਥੇ ਉਹ ਟਰੱਕ-ਉਪਰੇਟਰਾਂ ਦਾ ਕੰਮ ਕਰਦੇ ਸਨ। ਸਾਡੇ ਪਿਤਾ ਦੀ ਬੇਨਤੀ ਮੰਨ ਕੇ ਉਨ੍ਹਾਂ ਸਾਨੂੰ ਆਪਣੇ ਪਾਸ ਬੁਲਾ ਲਿਆ ਅਤੇ ਦੋ ਕੁ ਸਾਲਾਂ ਵਿਚ ਹੀ ਸਾਨੂੰ ਡਰਾਇਵਰੀ ਸਿਖਾ ਕੇ ਟਰੱਕਾਂ ਤੇ ਨੌਕਰ ਕਰਵਾ ਦਿਤਾ। ਸਾਨੂੰ ਘਰ ਦੀ ਤੰਗੀ ਤੇ ਮਾਂ ਬਾਪ ਦੀ ਗਰੀਬੀ ਯਾਦ ਸੀ। ਖ਼ੂਬ ਜੀਅ ਲਾ ਕੇ ਮਿਹਨਤ ਕੀਤੀ, ਸ਼ਰਾਬ ਤੋਂ ਬਚੇ ਰਹੇ ਤੇ ਦੋ ਕੁ ਸਾਲ ਵਿਚ ਹੀ ਕਿਸ਼ਤਾਂ ਤੇ ਆਪਣਾ ਟਰੱਕ ਕਢਵਾ ਲਿਆ। ਤਿੰਨ ਚਾਰ ਸਾਲ ਦੇ ਵਿਚ-ਵਿਚ ਹੀ ਸਾਰਾ ਕਰਜ਼ਾ ਲਾਹ ਕੇ ਗਹਿਣੇ ਪਈ ਜ਼ਮੀਨ ਵੀ ਛੁਡਾ ਲਈ। ਸਾਡੇ ਪਿਤਾ ਜੀ ਨੇ ਸਾਡੀ ਕਮਾਈ ਵਿਚੋਂ ਅਠ ਦਸ ਵਿਘੇ ਹੋਰ ਜ਼ਮੀਨ ਵੀ ਲੈ ਲਈ।

ਜਦ ਦਿਨ ਫਿਰੇ ਤਾਂ ਅਸੀਂ ਵੀ ਵਿਆਹੁਣ-ਯੋਗ ਲੜਕੀਆਂ ਦੇ ਮਾਪਿਆਂ ਨੂੰ ਨਜ਼ਰ ਆਉਣ ਲਗ ਪਏ। ਇਕ ਦਿਨ ਪਿਤਾ ਜੀ ਦੀ ਚਿਠੀ ਆਈ ਕਿ ਲਾਗਲੇ ਪਿੰਡ ਵਿਚ ਇਕ ਗੁਰਮੁਖ ਸਿਖ ਦੀਆਂ ਦੋ ਜਵਾਨ ਲੜਕੀਆਂ ਹਨ। ਉਸ ਪਿੰਡ ਦੇ ਲੋਕ ਉਸ ਨੂੰ ਸਤਿਕਾਰ ਨਾਲ ਭਾਈ ਕਹਿੰਦੇ ਹਨ। ਉਸ ਨੇ ਤੁਹਾਨੂੰ ਮਾਲ ਚਾਰਦਿਆਂ ਨੂੰ ਵੇਖਿਆ ਹੋਇਆ ਹੈ। ਉਹ ਆਪਣੀਆਂ ਦੋਹਾਂ ਹੀ ਲੜਕੀਆਂ ਦੇ ਰਿਸ਼ਤੇ ਤੁਹਾਨੂੰ ਦੋਹਾਂ ਭਰਾਵਾਂ ਨੂੰ ਕਰਨ ਨੂੰ ਤਿਆਰ ਹੈ। ਤੁਹਾਡੀ ਮਾਤਾ ਜੀ ਲੜਕੀਆਂ ਨੂੰ ਦੇਖ ਆਈ ਹੈ। ਲੜਕੀਆਂ ਸੁੰਦਰ, ਜਵਾਨ ਤੇ ਤੰਦਰੁਸਤ ਹਨ ਤੇ ਘਰ ਦੇ ਕੰਮ ਕਾਜ ਵਿਚ ਸੁਚੱਜੀਆਂ ਹਨ। ਨਾ ਉਸ ਨੇ ਵਰੀ ਮੰਗਵਾਣੀ ਹੈ ਤੇ ਨਾ ਦਾਜ ਦੇਣਾ ਹੈ। ਨਾ ਸਾਡੇ ਕੋਲੋਂ ਕੋਈ ਗਹਿਣਾ ਪੁਆਣਾ ਹੈ ਤੇ ਨਾ ਹੀ ਆਪ ਕੋਈ ਗਹਿਣਾ ਪਾਣਾ ਹੈ। ਜੰਞ ਵੀ ਕੋਈ ਨਹੀਂ ਸਦਣੀ, ਆਪਾਂ ਹੀ ਚੌਹਾਂ ਪਿਉ-ਪੁਤਾਂ ਨੇ ਜਾਣਾ ਹੈ। ਜੇ ਤੁਸੀਂ ਆਖੋ ਤਾਂ ਰਿਸ਼ਤੇ ਲੈ ਲਈਏ। ਅਸਾਂ ਲਿਖ ਭੇਜਿਆ ਕਿ ਸਾਨੂੰ ਸਾਰੀਆਂ ਸ਼ਰਤਾਂ ਪ੍ਰਵਾਨ ਹਨ। ਪੰਦਰਾਂ ਦਿਨਾਂ ਪਿਛੋਂ ਹੀ ਸਾਨੂੰ ਚਿਠੀ ਆ ਗਈ ਕਿ ਦਸ ਦਿਨ ਲਈ ਪਿੰਡ ਆਓ ਤੇ ਵਿਆਹ ਕਰਵਾ ਕੇ ਆਪਣੀਆਂ ਧਰਮਪਤਨੀਆਂ ਨੂੰ ਨਾਲ ਹੀ ਲੈ ਜਾਓ।

ਸਾਡੇ ਪਿੰਡ ਪੁਜਣ ਤੇ ਅਗਲੇ ਹੀ ਦਿਨ ਸਾਡੇ ਪਿਤਾ ਨੇ ਸਨੇਹਾ ਭੇਜ ਦਿਤਾ ਕਿ ਲੜਕੇ ਆ ਗਏ ਹਨ। ਉਥੋਂ ਲਾਗੀ ਆ ਕੇ ਦਸ ਗਿਆ ਕਿ ਅਜ ਤੋਂ ਚੌਥੇ ਦਿਨ ਭਾਈ ਹੁਰੀਂ ਆਪਣੇ ਇਕ ਭਰਾ ਨੂੰ ਨਾਲ ਲੈ ਕੇ ਆਣਗੇ, ਨਾਲੇ ਸ਼ਗਨ ਦੇ ਜਾਣਗੇ ਤੇ ਨਾਲੇ ਵਿਆਹ ਦਾ ਦਿਨ ਨਿਸਚਿਤ ਕਰ ਜਾਣਗੇ। ਸਾਡੇ ਪਿਤਾ ਜੀ ਨੇ ਅਗਲੇ ਦਿਨ ਹੀ ਅਖੰਡ ਪਾਠ ਰਖਵਾ ਦਿਤਾ ਤੇ ਤੀਜੇ ਦਿਨ ਭੋਗ ਪੈਣ ਉਪਰੰਤ ਸਾਰੇ ਪਿੰਡ ਨੂੰ ਭੋਜਨ ਛਕਾਇਆ ਗਿਆ। ਅਖੰਡ ਪਾਠ ਦੇ ਭੋਗ ਤੋਂ ਪਿਛੋਂ



www.AKJ.Org

ਸਾਨੂੰ ਦੋਹਾਂ ਭਰਾਵਾਂ ਨੂੰ ਸ਼ਗਨ ਦੇ ਦਿਤਾ ਗਿਆ ਤੇ ਉਸ ਤੋਂ ਚਾਰ ਦਿਨ ਪਿਛੋਂ ਵਿਆਹ ਦਾ ਦਿਨ ਨਿਸਚਿਤ ਹੋ ਗਿਆ । ਕੋਈ ਜੰਞ ਨਹੀਂ ਸੀ ਲਿਜਾਣੀ, ਸਿਰਫ਼ ਅਸਾਂ ਤਿੰਨਾਂ ਭਰਾਵਾਂ ਤੇ ਸਾਡੇ ਪਿਤਾ ਨੇ ਹੀ ਜਾਣਾ ਸੀ । ਅਸਾਂ ਕੋਈ ਮੇਲ ਨਹੀਂ ਸੀ ਸਦਿਆ ਤੇ ਨਾ ਹੀ ਕੋਈ ਲਾਗੀ ਨਾਲ ਲਿਗਏ । ਮੁਕੱਰਰ ਦਿਨ ਤੇ ਅਸੀਂ ਸ਼ਾਮ ਨੂੰ ਸਹੁਰਿਆਂ ਦੇ ਪਿੰਡ ਪੁਜ ਗਏ । ਰਸਤੇ ਵਿਚ ਹੀ ਉਨ੍ਹਾਂ ਦਾ ਖੂਹ ਸੀ, ਉਥੇ ਹੀ ਉਨ੍ਹਾਂ ਦੇ ਪਲਘਾਂ ਤੇ ਚੁਤਹੀਆਂ ਵਿਛਾਈਆਂ ਹੋਈਆਂ ਸਨ । ਅਸੀਂ ਹਥ ਮੂੰਹ ਧੋ ਕੇ ਬੈਠ ਗਏ, ਉਥੇ ਹੀ ਸਾਨੂੰ ਜਲ ਪਾਣੀ ਛਕਾਇਆ ਗਿਆ ਤੇ ਸੂਰਜ ਡੁਬੇ ਅਸੀਂ ਘਰ ਗਏ । ਸਾਡੀ ਨਵੀਂ ਮਾਤਾ ਜੀ ਤੇ ਸਾਡੀਆਂ ਮੰਗੇਤਰਾਂ ਨੇ ਭੋਜਨ ਤਿਆਰ ਕੀਤਾ ਹੋਇਆ ਸੀ । ਸਾਰੇ ਪ੍ਰਵਾਰ ਨੇ ਬੜੇ ਪ੍ਰੇਮ ਨਾਲ ਇਕੱਠੇ ਬੈਠ ਕੇ ਪ੍ਰਸ਼ਾਦ ਛਕਿਆ ਤੇ ਹਸਦੇ ਖੇਡਦੇ ਸੌਂ ਗਏ ।

ਅਗਲੇ ਦਿਨ ਅੰਮ੍ਰਿਤ ਵੇਲੇ ਸਾਡੇ ਨਵੇਂ ਪਿਤਾ ਜੀ ਉਠੇ, ਇਸ਼ਨਾਨ ਕਰ ਕੇ ਆਪਣੀ ਪਤਨੀ ਨੂੰ ਕਹਿਣ ਲਗੇ, "ਮੈਂ ਗੁਰਦਵਾਰੇ ਚਲ ਕੇ ਆਪਣੇ ਸਾਥੀਆਂ ਨਾਲ ਆਸਾ ਦੀ ਵਾਰ ਦਾ ਕੀਰਤਨ ਅਰੰਭ ਕਰਦਾ ਹਾਂ, ਤੁਸਾਂ ਬੀਬੀਆਂ ਤੇ ਨੌਜਵਾਨਾਂ ਨੂੰ ਇਸ਼ਨਾਨ ਕਰਵਾ ਕੇ ਗੁਰਦਵਾਰੇ ਹੀ ਲੈ ਆਉਣਾ, ਉਥੇ ਹੀ ਅਨੰਦ ਕਾਰਜ ਹੋਵੇਗਾ ।" ਅਸੀਂ ਸਾਰੇ ਸਵਖਤੇ ਹੀ ਉਠ ਕੇ ਇਸ਼ਨਾਨ ਕਰ ਕੇ ਜਲ ਪਾਣੀ ਛਕ ਕੇ ਗੁਰਦਵਾਰੇ ਪੁਜ ਗਏ। ਸਾਡੇ ਜਾਣ ਤੇ ਆਸਾ ਦੀ ਵਾਰ ਦੇ ਕੀਰਤਨ ਦਾ ਭੋਗ ਪਾਇਆ ਗਿਆ ਤੇ ਸਾਨੂੰ ਚੌਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਬੈਠਣ ਦਾ ਹੁਕਮ ਦਿਤਾ ਗਿਆ । ਸਾਡੇ ਨਵੇਂ ਪਿਤਾ ਜੀ ਨੇ ਸਾਡੇ ਸਾਫ਼ਿਆਂ ਦੇ ਲੜ ਆਪਣੀਆਂ ਪੁਤਰੀਆਂ ਨੂੰ ਫੜਾਏ ਤੇ ਢੋਲਕੀ ਛੈਣਿਆਂ ਨਾਲ, "ਤਉ ਪਾਲੈ ਤੈਡੇ ਲਾਗੀ" ਵਾਲਾ ਸ਼ਬਦ ਗਾਇਨ ਕੀਤੀ । ਉਪਰੰਤ ਲਾਵਾਂ ਦਾ ਪਾਠ ਕੀਤਾ ਗਿਆ "ਫੇਰੇ ਤਤ ਦਿਵਾਏ" ਦੇ ਮਹਾਂਵਾਕ ਅਨੁਸਾਰ ਹਰ ਲਾਂਵ ਦੇ ਪਿਛੋਂ ਫੇਰੇ ਦਿਵਾਏ ਗਏ । ਦੋ ਤਿੰਨ ਗੁਰਮੁਖ ਸਜਣਾਂ ਨੇ ਬੜੇ ਸੁੰਦਰ ਤੇ ਢੁਕਵੇਂ ਉਪਦੇਸ਼ ਦਿਤੇ ਅਤੇ ਅਰਦਾਸ ਕਰ ਕੇ ਸਾਰਿਆਂ ਵਲੋਂ ਵਧਾਈਆਂ ਤੇ ਅਸ਼ੀਰਵਾਦਾਂ ਦਿਤੀਆਂ ਗਈਆਂ । ਕੜਾਹ ਪ੍ਰਸ਼ਾਦ ਵਰਤਾਣ ਉਪਰੰਤ ਸਾਨੂੰ ਘਰ ਜਾਣ ਲਈ ਕਿਹਾ ਗਿਆ। ਪਿੰਡ ਦੇ ਸਾਰੇ ਪਤਵੰਤੇ ਭਾਈ ਸਾਹਿਬ ਨੂੰ ਵਧਾਈਆਂ ਦੇ ਰਹੇ ਸਨ ਤੇ ਨਾਲੇ ਕਹਿ ਰਹੇ ਸਨ, 'ਭਾਈ ਸਾਹਿਬ ਜੀ, ਤੁਸਾਂ ਸਾਨੂੰ ਅਨੰਦ ਕਾਰਜ ਦਾ ਨਵਾਂ ਰਾਹ ਦਸ ਕੇ ਉਜੜਨ ਤੋਂ ਬਚਾ ਲਿਆ ਜੇ । ਅਸੀਂ ਵੀ ਸਾਰੇ ਅਗੇ ਨੂੰ ਏਸੇ ਤਰ੍ਹਾਂ ਬੀਬੀਆਂ ਦੇ ਵਿਆਹ ਘਰਾਂ ਦੀ ਬਜਾਏ ਏਥੇ ਗੁਰਦਵਾਰੇ ਲਿਆ ਕੇ ਹੀ ਕਰਿਆ ਕਰਾਂਗੇ ।"

ਘਰ ਪਹੁੰਚ ਕੇ ਸਾਰਿਆਂ ਇਕੱਠੇ ਪ੍ਰਸ਼ਾਦ ਛਕਿਆ । ਤੇ ਫੇਰ ਸਾਡੇ ਪਿਤਾ ਜੀ ਕਹਿਣ ਲਗੇ, "ਬਰਖੁਰਦਾਰੋ ! ਹੁਣ ਮੈਂ ਆਪਣੀਆਂ ਪੁਤ੍ਰੀਆਂ ਨੂੰ ਤੁਹਾਡੇ ਨਾਲ ਤੋਰਨਾ ਹੈ, ਜੇ ਆਖੋ ਤਾਂ ਮੈਂ ਦੋ ਡੋਲੇ ਤਿਆਰ ਕਰਵਾ ਲੈਂਦਾ ਹਾਂ । ਕਹੋ ਤਾਂ ਲੁਧਿਆਣੇ ਤੋਂ ਕਾਰ ਮੰਗਵਾ ਲੈਂਦਾ ਹਾਂ ਜਾਂ ਦੋ ਟਾਂਗੇ ਕਰ ਲੈਂਦਾ ਹਾਂ। ਪਰ ਮੇਰੀ ਇਕ ਸ਼ਰਤ ਜੇ, ਕਿ ਜਿਸ ਤਰ੍ਹਾਂ ਅਜ ਤੁਸੀਂ ਇਨ੍ਹਾਂ ਨੂੰ ਲਿਜਾਓ ਅਗੇ ਨੂੰ ਵੀ ਏਸੇ ਤਰ੍ਹਾਂ ਲਿਆਉਣਾ ਤੇ ਲਿਜਾਣਾ ਹੋਵੇਗਾ । ਤੇ ਜੇ ਅਜ ਤਾਂ ਡੋਲੇ ਵਿਚ ਲੈ ਜਾਣਾ ਹੈ ਤੇ ਫੇਰ ਪੈਦਲ ਹੀ ਭੱਜੇ ਆਣਾ ਤੇ ਪੈਦਲ ਹੀ ਜਾਣਾ ਹੈ, ਤਾਂ ਅਜ ਵੀ ਪੈਦਲ ਹੀ ਜਾਉ ।" ਅਸਾਂ ਕਿਹਾ, "ਪਿਤਾ ਜੀ ! ਅਸੀਂ ਵੀ ਪੈਦਲ ਹੀ ਆਏ ਸੀ ਤੇ ਪੈਦਲ ਹੀ ਜਾਣਾ ਹੈ, ਇਹ ਵੀ ਸਾਡੇ ਨਾਲ ਏਸੇ ਤਰ੍ਹਾਂ ਹੀ ਚਲਣਗੀਆਂ । ਡੋਲਿਆਂ ਤੇ ਕਾਰਾਂ ਦੀ ਕੋਈ ਲੋੜ ਨਹੀਂ । ਇਕ ਕੋਹ ਤੇ ਤਾਂ ਸਾਡਾ ਪਿੰ ਹੈ ।"

ਸਾਡੇ ਪਿਤਾ ਜੀ ਤੇ ਮਾਤਾ ਜੀ ਸਾਨੂੰ ਤੋਰ ਆਏ । ਪਿੰਡੋਂ ਬਾਹਰ ਆ ਕੇ ਆਪਣੀਆਂ ਦੋਹਾਂ ਪੁਤਰੀਆਂ ਨੂੰ ਇਕ ਇਕ ਸੂਟ ਦੇ ਕੇ ਪਿਆਰ ਦਿਤਾ ਤੇ ਕਿਹਾ, "ਲਓ ਬੇਟਾ, ਜਦ ਗਲ ਵਾਲੇ ਕਪੜੇ ਮੈਲੇ ਹੋ ਜਾਣ ਤਾਂ ਇਹ ਪਾ ਲੈਣੇ ਤੇ ਉਹ ਧੋ ਲੈਣੇ। ਮੈਂ ਤੁਹਾਨੂੰ ਇਨ੍ਹਾਂ ਦੇ ਲੜ ਲਾਇਆ ਹੈ, ਤੁਸੀਂ ਇਨ੍ਹਾਂ ਦੀ ਤਨੋਂ ਮਨੋਂ ਸੇਵਾ ਕਰਨੀ। ਇਹ ਤੁਹਾਨੂੰ ਖਾਣ ਪੀਣ ਤੇ ਪਹਿਨਣ-ਹੰਢਾਉਣ ਲਈ ਸਭ ਕੁਝ ਦੇਣਗੇ । ਪ੍ਰਮਾਤਮਾ ਇਨ੍ਹਾਂ ਦੀ ਕਮਾਈ ਵਿਚ ਬਰਕਤ ਪਾਵੇ ।"

ਜਦ ਅਸੀਂ ਪਿੰਡ ਪੁਜੇ ਤਾਂ ਸਾਡੀ ਮਾਤਾ ਜੀ


www.AKJ.Org

ਸਾਨੂੰ ਉਡੀਕ ਰਹੇ ਸਨ । ਉਨ੍ਹਾਂ ਘੁਟ ਘੁਟ ਕੇ ਆਪਣੀਆਂ ਨੂੰਹਾਂ ਨੂੰ ਪਿਆਰ ਦਿਤੇ ਤੇ ਬੜੇ ਚਾਵਾਂ ਨਾਲ ਪਲੰਘ ਤੇ ਬਿਠਾਇਆ । ਜਲ ਪਾਣੀ ਛਕ ਛਕਾ ਕੇ ਵਡੀ ਭੈਣ ਨੇ ਆਟਾ ਗੁਨ੍ਹਣਾ ਸ਼ੁਰੂ ਕਰ ਦਿਤਾ ਤੇ ਛੋਟੀ ਨੇ ਭੜੋਲੀ ਵਿਚ ਗੋਹੇ ਪਾ ਕੇ ਦਾਲ ਧਰ ਦਿਤੀ। ਸਾਡੀ ਮਾਤਾ ਜੀ ਨੇ ਬਥੇਰਾ ਕਿਹਾ ਕਿ ਤੁਸੀਂ ਬੈਠੋ, ਮੈਂ ਆਪੇ ਸਭ ਕੁਝ ਕਰ ਲਵਾਂਗੀ, ਪਰ ਉਨ੍ਹਾਂ ਅਗੋਂ ਉਤਰ ਦਿਤਾ ਕਿ ਅਸੀਂ ਏਸ ਘਰ ਵਿਚ ਸੇਵਾ ਕਰਨ ਲਈ ਆਈਆਂ ਹਾਂ, ਵੇਹਲੀਆਂ ਬਹਿਣ ਨਹੀਂ ਆਈਆਂ । ਜਦ ਆਂਢਣਾਂ ਗੁਆਂਢਣਾਂ ਨੇ ਸੁਣਿਆ ਕਿ ਭਾਨ ਕੌਰ ਦੀਆਂ ਨਵੀਆਂ ਨੂੰਹਾਂ ਆਈਆਂ ਹਨ ਤਾਂ ਉਨ੍ਹਾਂ ਵਿਚੋਂ ਇਕ ਮੂੰਹ-ਫਟ ਜਿਹੀ ਅਧਾ ਕੁ ਦਰਵਾਜ਼ਾ ਖੋਲ੍ਹ ਕੇ ਵੇਖਣ ਲਗੀ ਕਿ ਵਹੁਟੀਆਂ ਕੀ ਕਰਦੀਆਂ ਹਨ। ਜਾਂ ਵੇਖਿਆ ਕਿ ਇਕ ਤਾਂ ਆਟਾ ਗੁਨ੍ਹ ਰਹੀ ਹੈ ਤੇ ਦੂਜੀ ਦਾਲ ਧਰ ਰਹੀ ਹੈ, ਤਾਂ ਛੇਤੀ ਨਾਲ ਬੂਹਾ ਢੋਹ ਕੇ ਪਿਛਾਂਹ ਨੂੰ ਭੱਜੀ, ਜਿਸ ਤਰ੍ਹਾਂ ਅਗੋਂ ਗੋਲੀ ਵਜੀ ਹੁੰਦੀ ਹੈ ਤੇ ਨਾਲੇ ਰੌਲਾ ਪਾਉਂਦੀ ਜਾਵੇ, "ਲੌ ਨੀ, ਆਏ ਨੇ ਵਹੁਟ! ਆਉਂਦੀਆਂ ਹੀ ਕੰਮ ਨੂੰ ਚੰਬੜ ਪਈਆਂ ਨੇ। ਏਨ੍ਹਾਂ ਕਿਸੇ ਨੂੰ ਕੀ ਲੈਣਾ ਦੇਣਾ ਹੈ।"

ਅਸਾਂ ਇਹੋ ਜਿਹੀਆਂ ਸੁਣੀਆਂ ਅਨਸੁਣੀਆਂ ਕਰ ਕੇ ਵਾਪਸ ਬਰਮਾ ਨੂੰ ਚਾਲੇ ਪਾ ਦਿਤੇ । ਤੁਸਾਂ ਸਾਨੂੰ ਦੋ ਤਿੰਨ ਸਾਲ ਵਸਦਿਆਂ ਵੇਖ ਹੀ ਲਿਆ ਹੈ । ਨਾ ਅਸਾਂ ਉਨ੍ਹਾਂ ਨੂੰ ਕਦੇ ਦਾਜ ਦਾ ਮਿਹਣਾ ਦਿਤਾ ਹੈ, ਤੇ ਨਾ ਉਨ੍ਹਾਂ ਕਦੀ ਵਰੀ ਜਾਂ ਗਹਿਣਿਆਂ ਦਾ ਜ਼ਿਕਰ ਕੀਤਾ ਹੈ । ਬੜੇ ਪ੍ਰੇਮ ਨਾਲ ਜੀਵਨ ਗੁਜ਼ਾਰ ਰਹੇ ਹਾਂ । ਉਨ੍ਹਾਂ ਨੂੰ ਸਦਾ ਸੇਵਾ ਦਾ ਚਾਅ ਰਹਿੰਦਾ ਹੈ ਤੇ ਸਾਨੂੰ ਉਨ੍ਹਾਂ ਦੇ ਸੁਖ ਤੇ ਖ਼ੁਸ਼ੀ ਦਾ । ਵਾਹਿਗੁਰੂ ਕਰੇ ਸਾਰਿਆਂ ਨੂੰ ਇਹੋ ਜਿਹੀਆਂ ਸਾਊਆਂ ਅਤੇ ਗੁਰਮੁਖਾਂ ਦੀਆਂ ਸਪੁਤਰੀਆਂ ਜੁੜਨ ।

— — —

ਇਸ ਸਦੀ ਦਾ ਸਭ ਤੋਂ ਪ੍ਰਸਿਧ ਉਰਦੂ ਕਵੀ 'ਇਕਬਾਲ' ਲਿਖਦਾ ਹੈ, "ਆਈਨੇ ਨੌ ਸੇ ਡਰਨਾ, ਤਰਜ਼ੇ ਕੁਹਨ ਪਿ ਅੜਨਾ, ਮੰਜ਼ਲ ਯਹੀ ਕਠਨ ਹੈ ਕੌਮੋਂ ਕੀ ਜ਼ਿੰਦਗੀ ਮੇਂ ।" ਨਵੇਂ ਸੁਧਰੇ ਹੋਏ ਰਿਵਾਜਾਂ ਤੋਂ ਡਰਨਾ ਅਤੇ ਪੁਰਾਣੇ ਢੰਗ ਅਤੇ ਪੁਰਾਣੀਆਂ ਰਸਮਾਂ ਤੇ ਅੜੀ ਜਾਣਾ, ਸਮਾਜ ਤੇ ਕੌਮਾਂ ਦੀ ਜ਼ਿੰਦਗੀ ਵਿਚ ਇਹੋ ਸਭ ਤੋਂ ਔਖਾ ਪੜਾ ਹੈ।

ਤਿਰੀਆ-ਹਠ ਬੜਾ ਜ਼ਬਰਦਸਤ ਹੈ, ਆਦਮੀ ਤਾਂ ਇਸ ਨੂੰ ਤੋੜ ਨਹੀਂ ਸਕਦੇ, ਸਿਰਫ਼ ਨਵੇਂ ਯੁਗ ਦੀਆਂ ਪੜ੍ਹੀਆਂ ਲਿਖੀਆਂ ਨੌਜਵਾਨ ਇਸਤ੍ਰੀਆਂ ਹੀ ਕੌਮ ਨੂੰ ਇਨ੍ਹਾਂ ਮਾਰੂ ਰਸਮਾਂ ਤੋਂ ਬਚਾ ਸਕਦੀਆਂ ਹਨ । ਪ੍ਰਮਾਤਮਾ ਉਨ੍ਹਾਂ ਨੂੰ ਤਾਕਤ ਬਖ਼ਸ਼ੇ । ਨਹੀਂ ਤਾਂ ਪੰਜਾਬ ਦੇ ਤਾਂ ਪਿੰਡਾਂ ਦੇ ਪਿੰਡ ਸ਼ਰਾਬ ਦੇ ਦਰਿਆ ਵਿਚ ਹੀ ਰੁੜ੍ਹੇ ਜਾਂਦੇ ਹਨ । ਕੋਈ ਮਰਦ-ਅਗੰਮੜਾ ਭਾਵੇਂ ਇਨ੍ਹਾਂ ਨੂੰ ਬਚਾ ਲਵੇ ।

---

## ਬ੍ਰੇਲੀ ਵਿਚ ਰੈਣ-ਸਬਾਈ ਕੀਰਤਨ

ਸਮੂੰਹ ਸੰਗਤਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਦਾਸ ਦੀ ਮਾਤਾ ਜੀ ਦੀ ਸਾਲਾਨਾ ਯਾਦ ਵਿਚ ਦਾਸ ਦੇ ਗ੍ਰਹਿ ੧੬—ਏ, ਮਾਡਲ ਟਾਊਨ, ਬ੍ਰੇਲੀ ਵਿਚ ੧੧ ਮਈ ੧੯੭੪ ਨੂੰ ਕੀਰਤਨ ਰੈਣ ਸਬਾਈ ਨੀਯਤ ਹੋਏ ਹਨ । ਆਗਰੇ ਤੋਂ ਅਖੰਡ ਕੀਰਤਨੀ ਜੱਥਾ ਅਤੇ ਦਿਲੀ ਤੋਂ ਵੀ ਕੁਝ ਸਿੰਘ ਪੁਜਣ ਦੀ ਆਸ ਹੈ । ਸਮੂੰਹ ਗੁਰੂ ਪਿਆਰੇ ਦਰਸ਼ਨ ਦੇ ਕੇ ਦਾਸ ਨੂੰ ਨਿਵਾਜਣ ਦੀ ਕਿਰਪਾ ਕਰਨ ।

ਦਰਸ਼ਨ ਅਭਿਲਾਖੀ ਦਾਸਰਾ—

ਗੁਰਚਰਨ ਸਿੰਘ, ੧੬—ਏ, ਮਾਡਲ ਟਾਊਨ, ਬ੍ਰੇਲੀ, (ਯੂ. ਪੀ.)



www.AKJ.Org

ਸਿੱਖੀ ਨੂੰ ਨਵੀਂ ਨੁਹਾਰ ਦੇਣ ਲਈ

# ਸਿੰਘ ਸਭਾ ਲਹਿਰ ਦੀ ਦੇਣ

[ ਵਲੋਂ—ਗਿਆਨੀ ਗੁਰਦਿਤ ਸਿੰਘ ਜੀ, ਸਕੱਤਰ, ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ ]

ਸਿੰਘ ਸਭਾ ਲਹਿਰ ਕੀ ਸੀ ? ਗੁਰੂ ਨਾਨਕ ਜੀ ਦੇ ਮੌਲਿਕ ਤੇ ਸਵਤੰਤਰ ਧਰਮ-ਮਾਰਗ ਦੀ ਭਾਨ ਤੇ ਪ੍ਰਚਾਰਣ ਦਾ ਇਕ ਬਹੁ-ਪੱਖੀ ਯਤਨ। ਇਸ ਲਹਿਰ ਨੇ ਉਸ ਵੇਲੇ ਇਸ ਮਾਰਗ ਤੋਂ ਭਟਕੀ ਹੋਈ ਸਿਖ-ਲੁਕਾਈ ਦਾ ਮਾਰਗ-ਦਰਸ਼ਨ ਕੀਤਾ ਤੇ ਨਾਨਕ-ਪੰਥੀ ਧਰਮ ਦੀ ਧਰੋਹਰ ਲੈ ਕੇ ਅਗੇ ਚਲਣ ਦੀ ਓਦੋਂ ਪ੍ਰੇਰਨਾ ਦਿਤੀ, ਜਦੋਂ ਕਿ ਸਿਖ-ਲੁਕਾਈ ਔਝੜ ਪਈ ਹੋਈ ਸੀ। ਜਿਨ੍ਹਾਂ ਸੋਝੀਵਾਨ ਸੇਵਕਾਂ ਨੇ ਇਹ ਕਾਰਜ ਆਪਣੇ ਜ਼ਿੰਮੇ ਲਿਆ ਤੇ ਨਿਭਾਇਆ, ਉਨ੍ਹਾਂ ਨੇ ਕੇਵਲ ਸੁਧਾਰ ਦੀ ਭਾਵਨਾ ਹੀ ਸਾਕਾਰ ਨਹੀਂ ਕੀਤੀ, ਨਰੋਆ ਹੰਭਲਾ ਵੀ ਮਾਰਿਆ ਅਤੇ ਜ਼ਮਾਨੇ ਦੀ ਰਫ਼ਤਾਰ ਨਾਲ ਟੁਰਨ ਦੀ ਚੇਤਨਤਾ ਤੇ ਉੱਦਮ ਵੀ ਵਰਤਿਆ, ਸਿਖ-ਧਰਮ ਦੇ ਮੂਲ ਤੱਤਾਂ ਨੂੰ ਵਿਗਿਆਨਕ ਢੰਗਾਂ ਨਾਲ ਪਰਚਾਰ ਕੇ, ਇਸ ਲਹਿਰ ਨੇ ਇਤਿਹਾਸ ਦਾ ਇਕ ਨਵਾਂ ਮੋੜ ਕਟਣ ਵਾਲੀ ਵਰਨਣ-ਯੋਗ ਸੇਵਾ ਕੀਤੀ। ਸਿੰਘ ਸਭਾ ਲਹਿਰ ਦੇ ਕਾਰਜਾਂ ਨੂੰ ਸੰਖੇਪ ਤੌਰ ਤੇ ਇਨ੍ਹਾਂ ਪੰਜ ਨੁਕਤਿਆਂ ਵਿਚ ਵੰਡਿਆ ਜਾ ਸਕਦਾ ਹੈ :—

੧. ਸਿਖ-ਧਰਮ ਦੇ ਸੁਤੰਤਰ ਵਜੂਦ ਤੇ ਮੌਲਿਕ ਸਰੂਪ ਦੀ ਪਛਾਣ।

੨. ਗੁਰਬਾਣੀ ਦੀ ਕਸਵੱਟੀ ਨਾਲ ਸਿਖ-ਸਾਹਿੱਤ ਦੀ ਪਰਖ।

੩. ਰਹੁ-ਰੀਤਾਂ ਤੇ ਮਰਯਾਦਾ ਦੇ ਅਡੰਬਰੀ ਰੂਪ ਤੋਂ ਬਚਾਉ।

੪, ਵਿਦਵਤਾ ਤੇ ਯੁਕਤੀ ਦੇ ਬਲ ਨਾਲ ਬ੍ਰਹਿਮਣੀ ਧਰਮ ਤੋਂ ਛੁਟਕਾਰਾ।

੫. ਸਿਖ-ਧਰਮ ਦੇ ਮਨੋਰਥਾਂ ਤੇ ਆਸ਼ਿਆਂ ਨੂੰ ਨਵੀਨ ਚੇਤਨਤਾ ਤੇ ਵਿਗਿਆਨਕ, ਢੰਗ ਨਾਲ ਪ੍ਰਚਾਰਨਾ।

## (੧) ਸਿਖ-ਧਰਮ ਦੇ ਸੁਤੰਤਰ ਵਜੂਦ ਤੇ ਮੌਲਿਕ ਸਰੂਪ ਦੀ ਪਛਾਣ :—

ਸਿਖ-ਧਰਮ ਦੇ ਮੌਲਿਕ ਤੇ ਸੁਤੰਤਰ ਵਜੂਦ ਦੀ ਸੋਚ, ਕੇਵਲ ਸਿੰਘ-ਸਭੀਆਂ ਦੀ ਦੇਣ ਨਹੀਂ, ਜਿਵੇਂ ਕਿ ਆਮ ਤੌਰ ਤੇ ਕਈ ਵਾਰ ਕਹਿ ਦਿਤਾ ਜਾਂਦਾ ਹੈ। ਇਹ ਵਿਚਾਰ ਤੱਤ ਮੂਲ ਰੂਪ ਵਿਚ, ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਦੇ ਪ੍ਰਮਾਣਿਤ ਹਨ। ਜਦੋਂ ਅਸੀਂ ਫਰੋਲਵੀਂ ਝਾਤ ਮਾਰੀਏ ਤਾਂ ਇਨ੍ਹਾਂ ਨਵੇਂ ਵਿਚਾਰ-ਕਣਾਂ ਦੇ ਮੁਢਲੇ ਅਧਾਰ, ਗੁਰੂ ਨਾਨਕ ਜੀ ਦੇ ਅਨੁਭਵੀ ਬਲ ਵਿਚੋਂ ਹੀ ਪ੍ਰਗਟ ਹੋਏ ਦ੍ਰਿਸ਼ਟਮਾਨ ਹੁੰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਨਿਰ-ਸੰਦੇਹ ਸਿਖ-ਧਰਮ ਦੇ ਸਰੂਪ ਨੂੰ ਸੰਪੂਰਨਤਾ ਦਿਤੀ; ਪਰ ਉਨ੍ਹਾਂ ਦਾ ਸਥਾਨ ਸਿਖ-ਧਰਮ ਦੇ ਮੌਲਿਕ ਜਨਮ-ਦਾਤਾ ਵਾਲਾ ਨਹੀਂ, ਸੰਪੂਰਨਤਾ ਦੇਣ ਵਾਲੇ ਨਿਰਮਾਤਾ ਦਾ ਹੈ। ਦਸਮੇਸ਼ ਜੀ ਦਾ ਜੀਵਨ-ਕਾਰਜ, ਆਦਿ-ਗੁਰੂ-ਨਾਨਕ ਜੀ ਤੋਂ ਸਥਾਪਿਤ ਕੀਤੇ ਧਰਮ-ਪੰਥ ਦੇ ਪ੍ਰਚਾਰ ਅਤੇ ਸੁਧਾਰ ਦਾ ਸੀ, ਜਿਸ ਲਈ ਆਪ ਜੀ ਨੇ ਕਈ ਪਹਿਲੀਆਂ ਧਾਰਨਾਵਾਂ ਵਿਚ ਵਾਧੇ ਤੇ ਸੋਧਾਂ ਕਰ ਕੇ ਅਗੇ ਨੂੰ ਸਥਾਈ ਰਹਿਣ ਵਾਲੇ ਖ਼ਾਲਸਾ-ਪੰਥ ਦੇ ਸਰੂਪ ਨੂੰ ਪੱਕੀ ਨੁਹਾਰ ਦਿਤੀ, ਪਰ ਇਹ ਅਸੀਂ ਸਭ ਹੀ ਜਾਣਦੇ ਹਾਂ ਕਿ ਇਸ ਸਿਖ-ਧਰਮ ਦੇ ਆਦਿ-ਸੰਚਾਲਕ, ਗੁਰੂ ਨਾਨਕ ਦੇਵ ਜੀ ਨੇ ਹੀ ਇਸ ਧਰਮ-ਪੰਥ ਦੀ ਨੀਂਹ ਰਖੀ, ਨਵੀਂ ਜੋਤੀ ਜਗਾਈ ਅਤੇ ਮਾਨਵਤਾ ਵਿਚ ਅਸਲੀ ਰੂਹ ਭਰੀ ਸੀ।

ਇਹ ਸਮਝਣ ਲਈ ਸ਼ਾਇਦ ਕੁਝ ਆਪਣੇ ਆਪ ਨੂੰ ਝੰਜੋੜਨਾ ਪਵੇ, ਕਿ ਗੁਰੂ ਨਾਨਕ ਜੀ ਹੀ, ਕੀ ਸਚ ਮੁਚ ਇਸ ਸੁਤੰਤਰ ਤੇ ਮੌਲਿਕ 'ਲੋਕ-ਧਰਮ' ਦੇ ਸੰਚਾਲਕ ਸਨ ? ਆਮ ਤੌਰ ਤੇ ਜੋ ਲੋਕ ਦਸਮੇਸ਼ ਜੀ ਦੀ ਦਸੀ ਰਹਿਤ-ਮਰਯਾਦਾ ਵਲੋਂ ਬੇ-ਪ੍ਰਵਾਹੀ ਅਤੇ ਸਿਖ



www.AKJ.Org

ਧਰਮ ਬਾਰੇ ਘੁਸ-ਮੁਸੇ ਜਿਹੇ ਵਿਚਾਰ ਰਖਦੇ ਹਨ, ਉਹ ਆਪਣੇ ਆਪ ਨੂੰ 'ਨਾਨਕ-ਪੰਥੀ' ਇਸ ਲਈ ਆਖ ਲੈਂਦੇ ਹਨ ਕਿ, ਇੰਜ ਉਹ ਜਿਵੇਂ ਚਾਹੁਣ ਆਪਣਾ ਰੰਗ-ਰੂਪ ਬਦਲ ਲੈਣ ਦੀਆਂ ਖੁਲ੍ਹਾਂ ਮਾਣ ਸਕਦੇ ਹਨ। ਗੁਰੂ ਨਾਨਕ ਜੀ ਦੀ ਬਾਣੀ, ਉਨ੍ਹਾਂ ਦੇ ਸਥਾਪਤ ਕੀਤੇ ਧਰਮ ਨੂੰ ਜਾਨਣ ਲਈ ਸਾਡੇ ਲਈ ਪ੍ਰਮਾਣਿਕ ਪੱਥ-ਪ੍ਰਦਰਸ਼ਕ ਵਸਤੂ ਹੈ, ਜਿਸ ਤੋਂ ਅਸੀਂ ਉਨ੍ਹਾਂ ਦੇ ਵਿਚਾਰਾਂ ਤੇ ਧਰਮ-ਧਾਰਨਾਂ ਬਾਰੇ ਸਭ ਤੋਂ ਠੀਕ ਤਰ੍ਹਾਂ ਜਾਣ ਸਕਦੇ ਹਾਂ, ਕਿ ਉਹ ਸਚਮੁੱਚ ਹੀ ਇਕ ਨਵੇਂ ਤੇ ਮੌਲਿਕ ਲੋਕ-ਧਰਮ ਦੇ ਜਨਮ-ਦਾਤਾ ਸਨ, ਨਾ ਕਿ ਕਿਸੇ ਪੂਰਵ-ਧਰਮ ਦੇ ਸਮਰਥੱਕ ? ਇਹ ਵਿਸ਼ਾ ਬੜਾ ਵਿਆਪਕ ਤੇ ਵਿਸ਼ਾਲ ਹੈ। ਸੰਖੇਪ ਰੂਪ ਵਿਚ ਅਸੀਂ ਇੰਜ ਸਮਝ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਤੋਂ ਪਹਿਲੇ ਕਿਸੇ ਵੈਦਿਕ, ਹਿੰਦੂ, ਵੈਸ਼ਨਵ, ਯੋਗ, ਨਾਥ ਆਦਿ ਕਿਸੇ 'ਧਰਮ-ਮਤ' ਦੀ ਉੱਚਤਾ ਜਾਂ ਇਸਲਾਮ ਦੇ ਕਿਸੇ ਫ਼ਿਰਕੇ ਦੇ ਕਿਸੇ ਵੀ ਵਿਅਕਤੀ ਸ਼ੇਖ਼ ਆਦਿਕ ਨੂੰ ਆਪਣਾ ਗੁਰੂ-ਪੀਰ ਅਚਾਰਯ ਦੇ ਤੌਰ ਤੇ ਸਵੀਕਾਰ ਨਹੀਂ ਕੀਤਾ, ਉਨ੍ਹਾਂ ਆਪਣਾ ਗੁਰੂ, ਅਪਰੰਪਰ ਪਾਰਬ੍ਰਹਮ ਦਸਿਆ ਹੈ :

'ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥'

ਜਿਸ ਦੀ ਪ੍ਰਾਪਤੀ ਤੇ ਸਰੂਪ ਬਾਰੇ ਸਿੱਧਾਂ ਦੇ ਸਵਾਲ ਵਿਚ ਆਪ ਨੇ ਉੱਤਰ ਦਿਤਾ ਸੀ :

'ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ?'
'ਸਬਦੁ ਗੁਰੂ ਸੁਰਤਿ ਧੁਨਿ ਚੇਲਾ ।'
[ਸਿਧ ਗੋਸਟਿ

ਇਸ ਵਿਸ਼ੇ ਤੇ ਸੰਖੇਪ ਵਿਚ ਏਨਾ ਹੀ ਕਹਿੰਦਿਆਂ ਹੋਇਆਂ ਦੂਜੀ ਏਥੇ ਗੱਲ ਧਿਆਨ ਵਿਚ ਲਿਆਉਣੀ ਜ਼ਰੂਰੀ ਹੈ ਕਿ, ਉਨ੍ਹਾਂ ਨੇ ਕਿਸੇ ਪਹਿਲੇ ਧਰਮ-ਮਤ ਦੇ ਸਮਰਥਨ ਦੀ ਥਾਂ ਉਨ੍ਹਾਂ ਦੀ ਸੁਧਾਈ ਦਾ ਸੁਰ ਵਧੇਰੇ ਉੱਚਾ ਰਖਿਆ ਹੈ ਅਤੇ ਕਈ ਵਾਰੀ ਪੂਰਵ ਸਥਾਪਿਤ ਧਰਮ-ਮਤ ਅਵਲੰਬੀਆਂ ਦੇ ਅਡੰਬਰੀ ਰੂਪ ਦੇਖ ਕੇ, ਜੇ ਕਰੜੀ ਅਲੋਚਨਾ ਵੀ ਕਰਨੀ ਪਈ ਤਾਂ ਉਹ ਵੀ ਨਿਸੰਗਤਾ ਨਾਲ ਕੀਤੀ ਹੈ :—

"ਕਾਦੀ ਕੂੜੁ ਬੋਲਿ ਮਲੁ ਖਾਇ ।
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ।
ਤੀਨੇ ਓਜਾੜੇ ਕਾ ਬੰਧੁ ॥"

ਅਵਤਾਰ-ਵਾਦੀ, ਵੈਸ਼ਨਵਾਂ, ਸ਼ੇਖ਼ਾਂ-ਮਸ਼ਾਇਕਾਂ, ਪੀਰਾਂ-ਪੈਗੰਬਰਾਂ ਬਾਰੇ ਨਾਨਕ-ਬਾਣੀ ਜੋ ਆਖਦੀ ਹੈ, ਉਸ ਦੇ ਚਾਨਣੇ ਵਿਚ, ਗੁਰੂ ਨਾਨਕ ਜੀ ਦਾ ਕਿਸੇ ਸੂਫ਼ੀ-ਮਤ ਜਾਂ ਕਿਸੇ 'ਸ਼ੇਖ਼' ਤੋਂ ਪ੍ਰਭਾਵਤ ਹੋਣ ਦੀਆਂ ਗੱਲਾਂ ਇਕ-ਦਮ ਨਿਰ-ਅਧਾਰ ਹੀ ਨਹੀਂ ਹੋ ਜਾਂਦੀਆਂ ਬਲਕਿ ਅਸੀਂ ਨਿਰਸੰਦੇਹ ਆਖ ਸਕਦੇ ਹਾਂ ਕਿ ਉਨ੍ਹਾਂ ਦੇ ਮਤ, ਬਾਣੀ ਤੇ ਆਸ਼ੇ ਤੋਂ ਅਨਜਾਣ ਲੋਕ ਹੀ ਅਜਿਹਾ ਕੂੜ ਆਖ ਸਕਦੇ ਹਨ; ਨਾਨਕ-ਬਾਣੀ, ਸਿਖ-ਧਰਮ ਦੇ ਉਨ੍ਹਾਂ ਸਭਨਾਂ ਅਧਾਰਾਂ ਦਾ ਮੂਲ ਹੈ, ਜੋ ਇਕ ਵਖਰੇ ਮੌਲਿਕ ਤੇ ਸੁਤੰਤਰ ਧਰਮ ਦੇ ਰੂਪ ਵਿਚ ਦੂਜੇ ਗੁਰੂ ਸਾਹਿਬਾਨ ਨੇ ਪ੍ਰਚਾਰੇ ਸਨ । ਇਨ੍ਹਾਂ ਦਾ ਮੂਲ ਰੂਪ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਡੇ ਪਾਸ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਜੀ ਦਾ ਵਾਕ ਹੈ :—

'ਹੋਰੁ ਫਕੜੁ ਹਿੰਦੂ ਮੁਸਲਮਾਣੈ ।'
[ਰਾਮਕਲੀ ਵਾਰ ਮ: ੧

ਗੁਰੂ ਅਰਜਨ ਦੇਵ ਜੀ ਦਾ ਹੁਕਮ ਹੈ :—

'ਨਾ ਹਮ ਹਿੰਦੂ ਨ ਮੁਸਲਮਾਨ ।'
[ਭੈਰਉ ਮਹਲਾ ੫

ਕੀ ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਦਾ ਇਹ ਵਾਕ — 'ਖ਼ਾਲਸਾ ਹਿੰਦੂ, ਮੁਸਲਮਾਨ ਤੇ ਨਿਆਰਾ ਰਹੇ' ਉਪ੍ਰੋਕਤ ਵਾਕਾਂ ਦੀ ਵਿਆਖਿਆ ਨਹੀਂ ?

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਇਸ ਸਿਧਾਂਤ ਦੀ ਵਿਆਖਿਆ, — 'ਹਮ ਹਿੰਦੂ ਨਹੀਂ ?' ਦਾ ਨਾਹਰਾ ਲਗਾ ਕੇ ਕੀਤੀ, ਤਾਂ ਇਹ ਕੋਈ ਨਵੀਂ ਗੱਲ ਨਹੀਂ ਸੀ, ਜਿਵੇਂ ਕਈ ਲੋਕ ਆਖਦੇ ਹਨ—ਇਹ ਨਾਹਰਾ ਅੰਗ੍ਰੇਜ਼ ਨੇ ਸਿਖਾਂ ਨੂੰ ਦਿਤਾ ਜਾਂ ਸਿੰਘ-ਸਭੀਆਂ ਨੇ ਇਹ ਨਵੀਂ ਨਿਖੇੜੂ ਰੁਚੀ ਵਰਤਣੀ ਅਰੰਭੀ, ਸਿੰਘ ਸਭਾ ਦੇ ਸੇਵਕਾਂ ਦੀ ਭਾਵਨਾ ਖ਼ਾਲਸਾ-ਪੰਥ ਦੇ ਓਸੇ ਵਖਰੇ ਵਜੂਦ ਤੇ



www.AKJ.Org

ਪਰਚਾਰ ਵਾਲੀ ਸੀ, ਜਿਸ ਦੀ ਨੀਂਹ ਸਿਖੀ ਦੇ ਆਦਿ-ਕਾਲ ਤੋਂ ਪੈ ਚੁਕੀ ਸੀ । ਇਸ ਸਿਧਾਂਤ ਉਤੇ ਕਾਫ਼ੀ ਅਮਲ ਦਸਮੇਸ਼ ਜੀ ਦੇ ਸਮੇਂ ਤਕ ਨਿਸਚਿਤ ਰੂਪ ਵਿਚ ਹੋ ਚੁਕਿਆ ਸੀ, ਜਿਨ੍ਹਾਂ ਦਾ ਬਚਨ ਹੈ :—

ਦੋਹੂੰ ਪੰਥ ਮੈ ਕਪਟ ਵਿਦਿਆ ਚਲਾਨੀ ।
ਬਹੁਰ ਤੀਸਰੋ ਪੰਥ ਕੀਉ ਪ੍ਰਧਾਨੀ ।''

ਜਿਸ ਬਾਰੇ ਭਾਈ ਗੁਰਦਾਸ ਜੀ ਦੂਜੇ ਦਾ ਵਾਕ ਹੈ :—
'ਤੀਸਰ ਪੰਥ ਚਲਾਇਓਨ ਵਡ ਸੂਰ ਗਹੇਲਾ ।'

ਜੋ ਲੋਕ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਜ ਵੇਲੇ ਦੀਆਂ ਰਸਮਾਂ-ਰੀਤਾਂ ਤੇ ਉਸ ਤੋਂ ਪਿਛੋਂ ਸਿਖ ਰਈਸਾਂ ਦੇ ਅਚਾਰ-ਵਿਵਹਾਰ ਨੂੰ ਸਿਖੀ ਦਾ ਪ੍ਰਮਾਣ ਮੰਨ ਕੇ, ਸਿਖੀ ਦੇ ਫਿਰ ਮੁੜ ਸੋਧੇ ਹੋਏ ਰੂਪ ਦੀ ਸੇਵਾ ਦੇ ਕਾਰਜਾਂ ਨੂੰ ਸਿੰਘ ਸਭੀਆਂ ਦੀ ਨਵੀਂ ਕਾਢ, ਜਾਂ ਅੰਗ੍ਰੇਜ਼ਾਂ ਦੀ ਦੇਣ, ਤੇ ਸਿੰਘ ਸਭੀਆਂ ਦਾ ਨਵੀਂ ਕਿਸਮ ਦਾ ਪ੍ਰਚਾਰ ਆਖਦੇ ਹਨ, ਉਹ ਸਿਖੀ ਦੇ ਆਦਿ-ਕਾਲ ਤੋਂ ਚਲੀ ਹੋਈ ਵਿਚਾਰ-ਧਾਰਾ ਜਾਨਣ ਦਾ ਯਤਨ ਕਰਨ । ਸਿਖ-ਧਰਮ, ਇਕ ਸੁਤੰਤਰ ਮੌਲਿਕ ਧਰਮ ਹੋਣ ਕਾਰਨ, ਸਭ ਸ਼੍ਰੇਣੀ-ਧਰਮਾਂ ਨਾਲੋਂ, ਇਸ ਕਾਰਨ ਜ਼ਰੂਰ ਵਿਲਖਣ ਹੈ ਕਿ ਇਹ ਆਪਣੀ ਹੋਂਦ ਰਖਦਿਆਂ ਹੋਇਆਂ ਆਪਣੇ ਸਾਰੇ ਸਾਧਨਾਂ ਨਾਲ ਸਭਨਾਂ ਦਾ ਭਲਾ ਮਨਾਉਣ ਵਾਲਾ ਧਰਮ ਪੰਥ ਹੈ, ਜਿਸ ਦੀ ਸਿਖਿਆ ਤੇ ਆਸ਼ਾ ਸਰਬੱਤ ਦੇ ਭਲੇ ਵਾਲੀ ਹੈ :

'ਸਭੁ ਕੋ ਮੀਤੁ ਹਮ ਆਪਨ ਕੀਨਾ,
ਹਮ ਸਭਨਾ ਕੇ ਸਾਜਨ ।'

ਪਰ ਇਹ ਕੁਝ ਸਿਖੀ ਤਦ ਹੀ ਕਰ ਸਕਦੀ ਹੈ, ਜੇ ਉਸ ਦਾ ਸ਼ੁਧ ਤੇ ਤੀਖਣ ਸਵਰੂਪ ਕਾਇਮ ਦਾਇਮ ਰਹੇ, ਨਾ ਕਿ ਆਪਣੀ ਹੋਂਦ ਖ਼ਤਮ ਕਰ ਕੇ, ਅਤੇ ਸਵਰੂਪ ਨੂੰ ਘਸਮੈਲਾ, ਖੁੰਢਾ ਤੇ ਮਿੱਟੀ ਘੱਟੇ ਰੋਲ ਕੇ ਕੁਝ ਕੀਤਾ ਜਾ ਸਕਦਾ ਹੈ । ਕਿਸੇ ਜਰਾਹ ਦੇ ਔਜ਼ਾਰ ਤਦ ਹੀ ਸੁਖਦਾਈ ਉਪਰੇਸ਼ਨ ਕਰਿਆ ਕਰਦੇ ਹਨ, ਜੇ ਉਹ ਤੀਖਣ ਤੇ ਸ਼ੁੱਧ ਰਹਿਣ ।

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਜ ਤਕ ਦੇ ਸਮੇਂ ਦੇ ਪ੍ਰਭਾਵਾਂ ਦੀ ਸਿਖੀ ਉਤੇ ਛਾਈ ਧੂੜ-ਅਟੀ ਦਸ਼ਾ ਅਤੇ ਜੀਵਨ-ਰਸ ਚੂਸ ਰਹੀ, ਬ੍ਰਾਹਮਣੀ ਅਮਰ-ਵੇਲ ਨੂੰ ਧੂਹ ਧੂਹ ਕੇ ਗਲੋਂ ਲਾਹਿਆ ਅਤੇ ਹੇਠਾਂ ਤੋਂ ਸਿਖੀ ਦੇ ਬ੍ਰਿਛ ਦੇ ਮੂਲ ਰੂਪ ਵਿਚ ਮੁੜ ਲਗਰਾਂ ਉਗਾਉਣ ਦਾ ਵਾਯੂ-ਮੰਡਲ ਰਚਿਆ । ਇਸ ਤੋਂ ਪਹਿਲਾਂ ਬਾਰ੍ਹਾਂ ਮਿਸਲਾਂ ਦੇ ਸਮੇਂ ਤੋਂ ਲੇ ਕੇ, ਜਦੋਂ ਖ਼ਾਲਸਾ ਜੀ ਦਾ ਬਹੁਤ ਸਮਾਂ ਆਪਣੀ ਰਹਿਤ-ਮਰਯਾਦਾ ਤੇ ਸੱਭਯ ਸਰੂਪ ਦੇ ਵਿਕਾਸ ਦੀ ਥਾਂ, ਆਪਣੇ ਵਜੂਦ ਦੇ ਫ਼ਿਕਰ ਵਿਚ ਹੀ ਗੁਜ਼ਾਰਦਾ ਸੀ—ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਪਿਛੋਂ ਅਧੀ ਸਦੀ ਦਾ ਸਮਾਂ ਸਿਖੀ ਸਿਧਾਂਤਾਂ ਉਤੇ ਬ੍ਰਾਹਮਣੀ ਪ੍ਰਭਾਵਾਂ ਦੀ ਬੋਹੜ ਦੀ ਛਾਂ ਹੇਠਾਂ ਪੀਲੇ ਤੇ ਮਾਂਦਾ ਪਏ ਬੂਟੇ ਦੇ ਰੂਪ ਵਾਲਾ ਹੈ । ਦੇਖਣ ਨੂੰ ਭਾਵੇਂ ਉਹ 'ਕਾਲ' ਸਿਖਾਂ ਪਾਸ ਰਾਜ-ਸ਼ਕਤੀ ਹੋਣ ਕਾਰਨ ਐਸ਼ਵਰਯ ਦੀ ਸਿਖਰ ਹੀ ਲਗਦਾ ਹੈ, ਪਰ ਓਦੋਂ ਸਿਖ ਸੰਗਤਾਂ ਦੇ ਵਿਕਾਸ ਪੰਥਕ ਸੰਗਠਨ ਤੇ ਕੇਂਦਰੀ ਜਥੇ-ਬੰਦੀ ਦਾ ਅਭਾਵ ਹੀ ਰਿਹਾ ।

ਸਿਖ ਰਾਜ-ਸਤਾ ਦੇ ਛਿਨ-ਭੰਗਰ ਹੋ ਜਾਣ ਦਾ ਕਾਰਨ ਕੀ ਸੀ ? ਆਪਣੇ ਮੂਲ ਨਾਲੋਂ ਟੁੱਟ ਕੇ ਡਾਲੀ ਲਗਣਾ, ਦਾਤੇ ਨਾਲੋਂ ਦਾਤ ਨੂੰ ਉੱਤਮ ਜਾਨਣਾ, ਏਸੇ ਕਾਰਨ 'ਖ਼ਾਲਸਾ-ਦਰਬਾਰ' ਦਾ ਮਹਿਲ ਇੱਟ ਇੱਟ ਹੋਇਆ । ਸਿਖ ਜਦੋਂ ਵੀ ਮੂਲ ਛਡ ਕੇ ਡਾਲੀ ਲਗਦੇ ਰਹੇ ਹਨ, ਓਦੋਂ ਹੀ ਅਧੋਗਤੀ ਦਾ ਵਰਤਾਰਾ ਵਰਤਦਾ ਰਿਹਾ ਹੈ :

'ਮੂਲੁ ਛੋਡਿ ਡਾਲੀ ਲਗੇ, ਕਿਆ ਪਾਵਹਿ ਛਾਈ ।'

ਜੇ ਉਸ ਵੇਲੇ ਪੰਥਕ-ਜਥੇਬੰਦੀ ਤੇ ਸੰਗਤਾਂ ਬਲਵਾਨ ਹੁੰਦੀਆਂ ਤਾਂ ਇਹ ਅਧੋਗਤੀ ਕਦੇ ਤੇ ਕਿਵੇਂ ਵੀ ਨਾ ਵਰਤਦੀ । ਪਰ ਅਸਾਂ ਸੰਘਠਨ ਤੇ ਪੰਥਕ-ਜਥੇਬੰਦੀ ਅਤੇ ਸੰਗਤਾਂ ਦੇ ਮਹੱਤਵ ਨੂੰ ਹਾਲਾਂ ਕੁਝ ਨਹੀਂ ਸਮਝਿਆ । ਜਦੋਂ ਸ਼ਕਤੀ ਆਉਂਦੀ ਹੈ ਉਸ ਪਿਛੇ ਦੌੜ ਪੈਂਦੇ ਹਾਂ, ਇਸ ਤਰ੍ਹਾਂ ਅਗੇ ਦੌੜਨ ਵਾਲਿਆਂ ਦਾ ਪਿਛਾ ਚੋੜ ਨਾ ਹੋਵੇ ਤਾਂ ਹੋਰ ਕੀ ਹੋਵੇ ।

ਵਿਚਾਰਵਾਨਾਂ ਨੇ ਬੁਧ ਅਤੇ ਮਹਾਂਵੀਰ ਦੇ ਕਾਰਜਾਂ ਵਿਚ ਇਕ ਭੇਦ ਦਸਿਆ ਹੈ ਕਿ ਮਹਾਂਵੀਰ, ਜੋ ਜੈਨੀਆਂ ਦੇ ਚੌਵ੍ਹੀਵੇਂ ਤੀਰਥੰਕਰ ਸਨ, ਇਕ ਪਹਿਲਾਂ


www.AKJ.Org

ਸਥਾਪਿਤ ਹੋਏ ਧਰਮ ਦੇ ਸੋਧਕ ਤੇ ਵਿਆਖਿਆਕਾਰ ਸਨ, ਜਦੋਂ ਕਿ ਬੁਧ ਜੀ, ਇਕ ਨਵੇਂ ਮੌਲਿਕ-ਧਰਮ ਦੇ ਜਨਮ-ਦਾਤਾ ? ਜਿਵੇਂ ਗੁਰੂ ਨਾਨਕ ਜੀ ਸਿਖ-ਧਰਮ ਦੇ ਜਨਮ-ਦਾਤਾ, ਗੁਰੂ ਗੋਬਿੰਦ ਸਿੰਘ ਜੀ ਸਿਖ-ਧਰਮ ਦੇ ਸੋਧਕ ਤੇ ਵਿਆਖਿਆਕਾਰ ਜਾਂ ਨਵ-ਨਿਰਮਾਤਾ ਹਨ। ਬੁਧ ਜੀ ਬਾਰੇ ਕਿਹਾ ਜਾਂਦਾ ਹੈ ਕਿ, ਉਨ੍ਹਾਂ ਪਹਿਲੇ ਧਰਮਾਂ ਦੀ ਸਖ਼ਤ ਅਲੋਚਨਾ ਕਰ ਕੇ ਆਂਪਣੇ ਨਵੇਂ ਧਰਮ ਦੀ ਨੀਂਹ ਧਰੀ ਸੀ।

ਗੁਰੂ ਨਾਨਕ ਦੇਵ ਜੀ ਦਾ ਸਥਾਨ ਬੇਸ਼ਕ, ਬੁਧ ਜੀ ਵਾਂਗ ਭਾਵੇਂ ਇਕ ਸੁਤੰਤਰ ਲੋਕ-ਧਰਮ ਦੇ ਸਥਾਪਿਕ ਵਾਲਾ ਹੈ, ਪਰ ਉਨ੍ਹਾਂ ਦੀ ਅਲੋਚਨਾ, ਬੁਧ ਜੀ ਨਾਲੋਂ ਵਖਰੀ ਕਿਸਮ ਦੀ ਹੈ। ਗੁਰੂ ਨਾਨਕ ਜੀ ਨੇ ਪੂਰਵ-ਸਥਾਪਿਤ ਧਰਮ-ਪੰਥਾਂ ਦਾ ਵਿਸ਼ਲੇਸ਼ਣ ਕਰ ਕੇ, ਉਨ੍ਹਾਂ ਦੀ ਸਾਰ-ਵਸਤੂ ਨੂੰ ਸਤਿਕਾਰਿਆ ਅਤੇ ਪ੍ਰਪੰਚੀ ਰੂਪ ਨੂੰ ਛੱਟ ਛੰਡ ਕੇ ਛਿਲਕੇ ਵਾਂਗ ਵਖ ਨਿਖੇੜਿਆ ਹੈ। ਇਕਵਢਿਓਂ ਕਿਸੇ ਧਰਮ-ਪੰਥ ਨੂੰ ਨਿਰਦੈਤਾ ਨਾਲ ਰੱਦ ਨਹੀਂ ਕੀਤਾ, ਸਗੋਂ ਪਿਆਰ ਭਰੇ ਉਪਦੇਸ਼ ਰਾਹੀਂ ਉਨ੍ਹਾਂ ਦੇ ਧਾਰਨੀਆਂ ਨੂੰ ਆਪੋ ਆਪਣੇ ਧਰਮ-ਪੰਥਾਂ ਵਿਚ ਵੀ ਸਾਰ ਵਸਤੂ ਪਛਾਨਣ ਦੀ ਪ੍ਰੇਰਨਾ ਦਿਤੀ ਗਈ ਹੈ :

(੧) "ਸੋ ਪੰਡਿਤੁ ਜੋ ਮਨੁ ਪਰਬੋਧੈ।
ਰਾਮ ਨਾਮੁ ਆਤਮ ਮਹਿ ਸੋਧੈ ॥"

(ਅ) ਸੋ ਬ੍ਰਾਹਮਣ ਜੋ ਬ੍ਰਹਮੁ ਬੀਚਾਰੈ।
ਆਪਿ ਤਰੈ ਸਗਲੇ ਕੁਲ ਤਾਰੈ ॥"

[ਧਨਾਸਰੀ ਮ: ੧

(੨) "ਸੋ ਜੋਗੀ ਜੋ ਜੁਗਤਿ ਪਛਾਣੈ।
ਗੁਰ ਪਰਸਾਦੀ ਏਕੋ ਜਾਣੈ ॥"

[ਧਨਾਸਰੀ ਮ: ੧

ਜੈਨੀਆਂ ਬਾਰੇ

(੩) "ਦਇਆ ਦਿਗੰਬਰੁ ਦੇਹ ਬੀਚਾਰੀ ॥
ਆਪਿ ਮਰੈ ਅਵਰਾ ਨਹਿ ਮਾਰੀ।"

[ਆਸਾ ਮ: ੧

(੪) "ਖਤ੍ਰੀ ਸੋ ਜੁ ਕਰਮਾ ਕਾ ਸੂਰ ॥
ਪੁੰਨ ਦਾਨ ਕਾ ਕਰੈ ਸਰੀਰੁ ॥"

[ਸਲੋਕ ਮ: ੧

(੫) ਮੁਸਲਮਾਣੁ ਕਹਾਵਣੁ ਮੁਸਕਲੁ,
ਜਾ ਹੋਇ ਤਾ ਮੁਸਲਮਾਣੁ ਸਦਾਵੈ ॥"

ਇਹ ਰਚਨਾਤਮਕ ਦ੍ਰਿਸ਼ਟੀ ਗੁਰੂ ਨਾਨਕ ਜੀ ਨੇ ਦੂਜੇ ਧਰਮ-ਪੰਥਾਂ ਬਾਰੇ ਵਰਤੀ। ਚੰਗੀ ਚੀਜ਼ ਨੂੰ ਚੰਗੀ, ਮੰਦੀ ਨੂੰ ਮੰਦੀ ਮੰਨ ਕੇ ਟੁਰਨ ਵਾਲੇ ਧਰਮ-ਪੰਥ ਦੀ ਉਚੀ ਕਦਰ ਕੀਮਤ ਵਾਲੀ ਸੋਚ ਆਪਣਿਆਂ ਅਨੁਯਾਈਆਂ ਵਿਚ ਭਰੀ, ਜਿਸ ਦੇ ਫਲ ਸਵਰੂਪ ਦਸਮੇਸ਼ ਜੀ ਨੇ 'ਦੇਹੁਰਾ ਮਸੀਤ' ਦੇ ਭੇਦਾਂ ਤੋਂ ਉਪਰ ਉਠ ਕੇ, ਪਰ ਆਪਣਾ ਮਾਰਗ ਸ਼ੁਧ ਰਖਦਿਆਂ ਹੋਇਆਂ ਸਮੁਚੇ ਮਾਨਵੀ ਹਿਤਾਂ ਨੂੰ ਸਮਝ ਕੇ ਚਲਣ ਦਾ ਉਪਦੇਸ਼ ਦਿਤਾ :

'ਵੇਦ ਕਤੇਬ ਕੇ ਭੇਦ ਸਭੈ ਤਜ,
ਕੇਵਲ ਕਾਲ ਕ੍ਰਿਪਾ ਨਿਧਿ ਮਾਨਯੋ।'[ਪਾ:੧੦

(ਚਲਦਾ)

---

# ਬੰਗਾ ਵਿਖੇ ਅਖੰਡ ਪਾਠ, ਅਖੰਡ ਕੀਰਤਨ ਤੇ ਅੰਮ੍ਰਿਤ-ਸੰਚਾਰ

ਸੰਗਤਾਂ ਨੂੰ ਬਿਨੈ ਕੀਤੀ ਜਾਂਦੀ ਹੈ ਕਿ ਦਾਸ ਦੇ ਗ੍ਰਹਿ ਸਾਗਰ ਮਹੱਲਾ, ਬੰਗਾ ਸ਼ਹਿਰ ਵਿਖੇ ੧੦ ਤੋਂ ੧੨ ਮਈ ਤਕ ਗੁਰਮਤਿ ਸਮਾਗਮ ਹੋ ਰਹੇ ਹਨ। ਕੀਰਤਨ-ਸਮਾਗਮ ਵਿਚ ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ. ਹੁਸ਼ਿਆਰਪੁਰ, ਜਲੰਧਰ, ਲੁਧਿਆਨਾ, ਫਗਵਾੜਾ ਤੇ ਗੁਰਾਇਆ ਆਦਿ ਤੋਂ ਵੀਰ-ਭੈਣਾਂ ਹਾਜ਼ਰੀਆਂ ਭਰਨਗੇ। ਸਰਬਤ ਸੰਗਤਾਂ ਦਰਸ਼ਨ ਦੇ ਕੇ ਨਿਵਾਜੋ ਜੀ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੈ —

੧੦-੫-੭੪ ਸਵੇਰੇ ਸਤ ਵਜੇ ਸ੍ਰੀ ਅਖੰਡ ਪਾਠ ਅਰੰਭ

੧੧-੫-੭੪ ਸ਼ਾਮ ੮ ਤੋਂ ੧੦ ਤਕ ਕੀਰਤਨ ਗੁਰਦੁਆਰਾ ਸਿੰਘ ਸਭਾ ਸ਼ਹਿਰ ਬੰਗਾ

੧੨-੫-੭੪ ਸਵੇਰੇ ਪੰਜ ਵਜੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ਕੀਰਤਨ ਦਿਵਸ ਸੁਹੇਲਾ,

,, ਸਵੇਰੇ ੮ ਵਜੇ ਅੰਮ੍ਰਿਤ-ਸੰਚਾਰ ਸਮਾਗਮ ਅਰੰਭ।

ਪੁਛ ਗਿਛ ਲਈ—
ਕੇ. ਐਸ. ਭੋਗਲ ਫ਼ਰਨੀਚਰ, ਰੇਲਵੇ ਰੋਡ, ਬੰਗਾ

ਦਾਸਰਾ ਕਰਨੈਲ ਸਿੰਘ
ਸਾਗਰ ਮਹੱਲਾ, ਬੰਗਾ ਸ਼ਹਿਰ

www.AKJ.Org

# ਫ਼ਿਲਮਾਂ ਤੇ ਗੰਦੇ ਸਾਹਿੱਤ ਦਾ ਨੌਜਵਾਨਾਂ ਪਰ ਪ੍ਰਭਾਵ

[ ਵਲੋਂ—ਗਿਆਨੀ ਪ੍ਰਤਾਪ ਸਿੰਘ ਜੀ, ਐਡੀਟਰ 'ਗਿਆਨ ਅੰਮ੍ਰਿਤ' ]

ਅਜ ਕਲ ਕਾਮਵਾਸ਼ਨਾਵਾਂ ਨੂੰ ਭੜਕਾਉਣ ਤੇ ਨੰਗੇਜ ਦੀ ਨੁਮਾਇਸ਼ ਦੀਆਂ ਫ਼ਿਲਮਾਂ ਆ ਰਹੀਆਂ ਹਨ । ਜਾਸੂਸੀ ਨਾਵਲ ਤੇ ਅਲ੍ਹੜ ਮੁੰਡੇ ਕੁੜੀਆਂ ਦੇ ਜਜ਼ਬਾਤ ਨੂੰ ਉਭਾਰ ਕੇ ਪੈਸੇ ਲੁਟਣ ਵਾਲਾ ਸਾਹਿੱਤ ਪੈਦਾ ਕੀਤਾ ਜਾ ਰਿਹਾ ਹੈ । ਉਸ ਦਾ ਅਸਰ ਇਹ ਹੈ ਕਿ ਜੇ ਕਿਸੇ ਫਿਲਮ ਵਿਚ ਹਿੱਪੀ ਆ ਗਏ, ਸਾਡੇ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਉਹਨਾਂ ਵਾਂਗ ਬੋਦੇ ਅਤੇ ਕਨਪਟੀਆਂ ਰਖ ਲਈਆਂ। ਕੁੜੀਆਂ ਨੇ ਉਹੋ ਜਿਹੇ ਦਰਜ਼ੀਆਂ ਕੋਲੋਂ ਕਪੜੇ ਸੁਆ ਲਏ।

ਫ਼ਿਲਮਾਂ ਤੇ ਗੰਦੇ ਸਾਹਿੱਤ ਦਾ ਨਤੀਜਾ ਇਹੋ ਹੈ ਕਿ ਨੌਜਵਾਨਾਂ ਵਿਚ ਦਿਨ-ਬਦਿਨ ਬੁਰਛੇ-ਗਰਦੀ, ਆਪਹੁਦਰਾਪਨ ਵਧ ਰਿਹਾ ਹੈ। ਸਕੂਲਾਂ ਕਾਲਜਾਂ ਵਿਚ ਪੜ੍ਹਾਈ ਤੇ ਡਿਸਿਪਲਿਨ ਦੀ ਥਾਂ ਅੰਦੋਲਨਾਂ ਤੇ ਹੜਤਾਲਾਂ ਨੇ ਮੱਲ ਲਈ ਹੈ। ਪਿਛਲੇ ਸਾਲ ਡੇਢ ਸੌ ਮੁੰਡੇ ਕੁੜੀਆਂ ਗੁਰੂ ਨਾਨਕ ਯੂਨੀਵਰਸਿਟੀ 'ਚੋਂ ਨਕਲ ਮਾਰਨ ਕਰਕੇ ਕਢੇ ਗਏ । ਉਨ੍ਹਾਂ ਨੇ ਵਾਈਸ ਚਾਂਸਲਰ ਵਿਰੁਧ ਵਿਖਾਵੇ ਤੇ ਇਸ਼ਤਿਹਾਰ-ਬਾਜ਼ੀ ਕੀਤੀ । ਭੂਤਰੇ ਹੋਏ ਮੁੰਡੇ ਪੜ੍ਹਾਈ ਦੀ ਥਾਂ ਨਕਲ ਮਾਰਨ, ਕੁੜੀਆਂ ਨੂੰ ਛੇੜਨ, ਬਿਨਾਂ ਟਿਕਟ ਬਸਾਂ ਉਤੇ ਚੜ੍ਹਨ, ਬੱਸਾਂ ਤੇ ਗਡੀਆਂ ਨੂੰ ਫੂਕਣ ਵਿਚ ਫ਼ਖ਼ਰ ਸਮਝਦੇ ਹਨ।

ਦੂਜੇ ਦੇਸ਼ਾਂ ਦੇ ਨੌਜਵਾਨ ਪੜ੍ਹਾਈ ਦੇ ਨਾਲ ਕਮਾਈ ਕਰ ਕੇ ਨਿਰਬਾਹ ਕਰਦੇ ਹਨ। ਪਿਛਲੇ ਸਾਲ ਰੂਸ ਦੇ ਵਿਦਿਆਰਥੀਆਂ ਨੇ ਗਰਮੀਆਂ ਦੀਆਂ ਛੁਟੀਆਂ ਵਿਚ ਨਿਕੇ ਮੋਟੇ ਕੰਮ ਕਰ ਕੇ ਇਕ ਅਰਬ ਰੂਬਲ ਕਮਾਏ ਹਨ; ਪਰ ਸਾਡਿਆਂ ਨੇ ਸਿਨਮਾ, ਸ਼ਰਾਬ-ਨੋਸ਼ੀ ਤੇ ਸਾੜ-ਫੂਕ ਕਰ ਕੇ ਕਰੋੜਾਂ ਰੁਪਏ ਬਰਬਾਦ ਕੀਤੇ ਹਨ। ਇਸ ਬਾਰੇ ਖ਼ਾਲਸਾ ਸਮਾਚਾਰ ਨੇ ਇਕ ਐਡੀਟੋਰੀਅਲ ਲਿਖਿਆ ਹੈ :—

"ਪਿਛਲੇ ਦਿਨਾਂ ਵਿਚ ਉਧਾਲੇ ਦੀਆਂ ਤਿੰਨ ਖ਼ਬਰਾਂ ਅਜਿਹੀਆਂ ਆ ਚੁਕੀਆਂ ਹਨ ਜਿਨ੍ਹਾਂ ਵਿਚ ਫੜੇ ਗਏ ਵਿਅਕਤੀਆਂ ਨੇ ਇਹ ਬਿਆਨ ਦਿਤਾ ਹੈ ਕਿ ਅਸੀਂ ਬੌਬੀ ਫ਼ਿਲਮ ਵੇਖਣ ਤੇ ਬਾਰ ਬਾਰ ਵੇਖਣਨਾਲ ਇਹ ਦੋਸ਼ ਕਰਨ ਲਈ ਪ੍ਰੇਰੇ ਗਏ ਹਾਂ। ਜਾਸੂਸੀ ਨਾਵਲਾਂ ਨੇ ਕਈਆਂ ਨੂੰ ਦੋਸ਼ੀ ਬਣਾਇਆ ਹੈ। ਅਨੇਕ ਪੁਸਤਕਾਂ ਦੀ ਭੀ ਇਹੋ ਗੱਲ ਹੈ ਅਤੇ ਸਾਡੇ ਕਈ ਮਾਸਕ ਤੇ ਹਫ਼ਤਾਵਾਰ ਪੱਤਰ ਭੀ ਅਜਿਹੇ ਮਾਰੂ ਅਸਰ ਕਰਨ ਵਾਲੇ ਹਨ । ਇਕ ਬੈਂਕ ਉਤੇ ਡਾਕਾ ਮਾਰਨ ਵਾਲਿਆਂ ਨੇ ਭੀ ਕੁਝ ਅਜਿਹਾ ਹੀ ਬਿਆਨ ਦਿਤਾ ਹੈ ।

"ਹੈਰਾਨੀ ਇਹੋ ਹੈ ਕਿ ਉਹ ਪੱਤਰ ਤੇ ਖ਼ਾਸ ਕਰਕੇ ਫ਼ਿਲਮੀ ਤੇ ਪੰਜਾਬੀ ਰਸਾਲੇ ਬਿਨਾਂ ਹੋਰ ਭਾਸ਼ਾਵਾਂ ਦੇ, ਅੰਧਾ ਧੁੰਦ ਵਿਕਦੇ ਹਨ । ਉਨ੍ਹਾਂ ਵਿਚ ਤਸਵੀਰਾਂ ਤੇ ਲਿਖਤਾਂ ਕਾਮ-ਭੜਕਾਊ, ਨੰਗੇਜ-ਵਾਦੀ ਤੇ ਅਸ਼ਲੀਲ ਭੀ ਹੁੰਦੀਆਂ ਹਨ, ਕੁਝ ਅਜਿਹੀਆਂ ਪੁਸਤਕਾਂ ਵਲਾਇਤ ਤੋਂ ਆ ਕੇ ਚੋਰੀ ਵਿਕਦੀਆਂ ਹਨ ਤੇ ਅਨੇਕ ਨੌਜਵਾਨ ਤੇ ਮੁਟਿਆਰਾਂ ਕਿਰਾਏ ਜਾਂ ਮੁੱਲ ਤੋਂ ਇਹ ਸਭ ਕੁਝ ਪੜ੍ਹਦੇ ਹਨ । ਚੋਰੀ ਇਸ ਲਈ ਕਿ ਕਈਆਂ ਦਾ ਦਾਖ਼ਲਾ ਬੰਦ ਜਾਂ ਉਂਜ ਭੀ ਜ਼ਬਤ ਹਨ । ਸੁਣਿਆ ਹੈ ਕਿ ਉਹ ਹੋਰ ਨਾਵਾਂ ਦੇ ਟਾਈਟਲ ਲਗਾ ਕੇ ਪੁਜ ਜਾਂਦੀਆਂ ਹਨ ਤੇ ਫੇਰ ਅਸਲੀ ਟਾਈਟਲ ਲਾ ਕੇ ਚੋਰੀ ਜਾਂ ਸਾਧੀ ਵੇਚੀਆਂ ਜਾਂਦੀਆਂ ਹਨ।"

"ਹੋਰ ਭੀ ਦੁਖ ਦੀ ਗੱਲ ਹੈ ਕਿ ਸਾਡੀਆਂ ਯੂਨੀਵਰਸਿਟੀਆਂ ਵਿਚ, ਜਿਥੇ ਕੋਰਸ ਨੀਅਤ ਕਰਨ ਲਈ ਵਿਦਵਾਨ ਰੀਵੀਊਅਰ ਤੇ ਵਿਦਵਾਨਾਂ ਦੇ ਬੋਰਡ ਹਨ, ਭੀ ਅਜਿਹੀਆਂ ਪੁਸਤਕਾਂ (ਚੋਣਵੀਆਂ, ਸੰਗ੍ਰਹਿ ਆਦਿ) ਲਗੀਆਂ ਹੋਈਆਂ ਹਨ, ਜਿਨ੍ਹਾਂ ਵਿਚ ਅਜਿਹੀ ਲਿਖਤ ਹੁੰਦੀ ਹੈ ਜੋ ਕਈ ਵਾਰ ਇੰਨੀ ਖੁਲ੍ਹੀ ਹੁੰਦੀ ਹੈ ਕਿ ਮੁੰਡਿਆਂ ਕੁੜੀਆਂ ਦੀਆਂ ਸਾਂਝੀਆਂ ਜਮਾਤਾਂ ਵਿਚ ਉਨ੍ਹਾਂ ਨੂੰ ਸਮਝਾਉਣਾ ਜਾਂ ਪੜ੍ਹਾਉਣਾ ਛਡਿਆ, ਨਿਰੇ ਜਵਾਨਾਂ ਦੀ ਜਮਾਤ ਵਿਚ ਪੜ੍ਹਾਉਣਾ ਭੀ ਪ੍ਰੋਫ਼ੈਸਰ ਨੂੰ ਸ਼ਰਮਿੰਦਾ ਹੋਣ ਤੇ ਪੁਸਤਕਾਂ ਲਾਉਣ ਵਾਲਿਆਂ ਤੇ

[ਬਾਕੀ ਦੇਖੋ ਸਫ਼ਾ ੩੯ ਦੇ ਹੇਠ

www.AKJ.Org

# ਨਕਲੀ ਨਿਰੰਕਾਰੀਆਂ ਵਿਰੁੱਧ ਰੋਸ

ਸਿਖਾਂ ਦੇ ਵਿਰੋਧੀ, ਵਾਮ ਮਾਰਗ ਦੇ ਪ੍ਰਚਾਰਕ ਦੰਭੀ ਪਖੰਡੀ ਤੇ ਆਦਮ-ਪ੍ਰਸਤ ਨਕਲੀ ਨਿਰੰਕਾਰੀਆਂ ਵਿਰੁੱਧ ਸਾਰੇ ਪੰਜਾਬ ਤੇ ਸਿਖ-ਜਗਤ ਵਿਚ ਰੋਸ ਦੀ ਇਕ ਪ੍ਰਬਲ ਲਹਿਰ ਚਲ ਰਹੀ ਹੈ। ਜਿਸ ਦਾ ਪ੍ਰਗਟਾਵਾ ਕਈ ਥਾਵਾਂ ਉਤੇ ਹੋ ਰਿਹਾ ਹੈ।

੨੯ ਜਨਵਰੀ ਨੂੰ ਟਾਂਡਾ ਉਰਮੁੜ ਜ਼ਿਲਾ ਹੁਸ਼ਿਆਰਪੁਰ ਦੇ ਲਾਗੇ ਪਿੰਡ ਧੁੱਗਾ ਕਲਾਂ ਵਿਚ ਸਿੰਘਾਂ ਤੇ ਨਕਲੀ ਨਿਰੰਕਾਰੀਆਂ ਦੀ ਜ਼ਬਰਦਸਤ ਟੱਕਰ ਹੋਈ, ਕਿਉਂਕਿ ਨਕਲੀਏ ਗੁਰਬਾਣੀ ਦੇ ਅਨਰਥ ਕਰ ਕੇ ਆਪਣੇ ਗੁਰੂ-ਡੰਮ ਨੂੰ ਪ੍ਰਚਾਰਦੇ ਸਨ। ਸਿੰਘਾਂ ਨੇ ਉਸ ਦੇ ਵਿਰੁੱਧ ਪ੍ਰੋਟੈਸਟ ਕੀਤਾ। ਕਿਰਪਾਨਾਂ ਚਮਕ ਪਈਆਂ। ਲੜਾਈ ਹੋਣ ਦਾ ਡਰ ਹੋ ਗਿਆ। ਸ: ਕਰਤਾਰ ਸਿੰਘ ਨੇ ਵਿਚ ਪੈ ਕੇ ਲੜਾਈ ਨੂੰ ਟਾਲਿਆ।

੮ ਫ਼ਰਵਰੀ ਦੀ ਰਾਤ ਨੂੰ ਸਵਾ ਨੌਂ ਵਜੇ ਅੰਮ੍ਰਿਤਸਰ ਵਿਚ ਗਲੀ ਮਸੀਤ ਵਾਲੀ, ਛਾਉਣੀ ਨਿਹੰਗਾਂ ਦੇ ਲਾਗੇ ਇਕ ਘਰ ਵਿਚ ਨਕਲੀ ਗੁਰਬਚਨ ਸਿੰਘ ਦਾ ਇਕ ਏਜੰਟ ਭਗਵੰਤ ਸਿੰਘ ਕਥਾ ਕਰਨ ਲਗਾ। ਉਸ ਨੇ ਪਾਵਨ ਗੁਰਬਾਣੀ ਦੀ ਇਕ ਤੁਕ 'ਊਚੇ ਤੇ ਊਚਾ ਭਗਵੰਤ' ਪੜ੍ਹ ਕੇ ਕਿਹਾ, ਉਹ ਭਗਵੰਤ ਮੈਂ ਹੀ ਹਾਂ, ਜੋ ਗੁਰਬਾਣੀ ਵਿਚ ਬਿਆਨ ਕੀਤਾ ਗਿਆ ਹੈ। ਇਸ ਪਰ ਬਾਬਾ ਖੜਕ ਸਿੰਘ ਜੀ ਨਿਹੰਗ, ਭਾਈ ਤਾਰਾ ਸਿੰਘ ਤੇ ਸਰੂਪ ਸਿੰਘ ਨੇ ਕਿਹਾ, "ਗੁਰਬਾਣੀ ਦੀ ਦੁਰਵਰਤੋਂ ਤੇ ਅਨਰਥ ਕਿਉਂ ਕਰਦਾ ਹੈਂ? ਇਸ ਤੁਕ ਵਿਚ ਤਾਂ ਸ੍ਰੀ ਵਾਹਿਗੁਰੂ ਦੀ ਉਪਮਾ ਕੀਤੀ ਗਈ ਹੈ; ਉਸ ਨੂੰ ਉਚੇ ਤੋਂ ਉਚਾ ਕਿਹਾ ਹੈ। ਜਦੋਂ ਇਹ ਬਾਣੀ ਉਚਾਰਨ ਕੀਤੀ ਗਈ ਸੀ, ਤੂੰ ਉਦੋਂ ਜੰਮਿਆ ਵੀ ਨਹੀਂ ਸੀ। ਤੂੰ ਇਕ ਮਾਮੂਲੀ ਇਨਸਾਨ ਕਿਸ ਤਰ੍ਹਾਂ ਭਗਵੰਤ ਬਣ ਸਕਦਾ ਹੈਂ?"

ਨਕਲੀਆ ਗੁੱਸੇ ਵਿਚ ਛਿਥਾ ਹੋ ਕੇ ਕਹਿਣ ਲਗਾ—'ਗੁਰਬਾਣੀ ਦੇ ਠੇਕੇਦਾਰ ਸਿਰਫ ਸਿਖ ਨਹੀਂ ਹਨ, ਮੈਂ ਵੀ ਇਸ ਦੀ ਵਰਤੋਂ ਕਰ ਸਕਦਾ ਹਾਂ।' ਇਸ ਪਰ ਬਾਬਾ ਖੜਕ ਸਿੰਘ ਤੇ ਭਾਈ ਤਾਰਾ ਸਿੰਘ ਨਿਹੰਗ ਨੇ ਕਿਹਾ, "ਤੈਨੂੰ ਗ਼ਲਤ ਅਰਥ ਕਰਨ ਦਾ ਕੋਈ ਹੱਕ ਨਹੀਂ। ਜੇ ਤੂੰ ਕਥਾ ਕਰਨੀ ਹੈ ਤਾਂ ਅਵਤਾਰ-ਬਾਣੀ ਦੀ ਕਰ, ਜਿਹੜੀ ਤੁਸੀਂ ਅਵਤਾਰ ਸਿੰਘ ਨਾਮ ਪਰ ਬਣਾਈ ਹੋਈ ਹੈ। ਅਸੀਂ ਤੈਨੂੰ ਗੁਰਬਾਣੀ ਦੇ ਅਨਰਥ ਨਹੀਂ ਕਰਨ ਦੇਣੇ। ਸਾਰੇ ਲੋਕਾਂ ਨੇ ਇਸ ਦੀ ਪ੍ਰੋੜ੍ਹਤਾ ਕੀਤੀ। ਨਕਲੀ ਗੁਰਬਚਨ ਸਿੰਘ ਦਾ ਏਜੰਟ ਕਹਿਣ ਲਗਾ, "ਤੁਸੀਂ ਸਾਰੇ ਬਣਾਉਟੀ ਨਿਹੰਗ ਹੋ। ਅਸਲੀ ਨਿਹੰਗ ਉਹ ਹਨ ਜਿਹੜੇ ਗੁਰਬਚਨ ਸਿੰਘ ਨੇ ਬਣਾਏ ਹਨ।"

ਇਸ ਪਰ ਲੋਕਾਂ ਵਿਚ ਹੋਰ ਗੁੱਸੇ ਦੀ ਲਹਿਰ ਦੌੜ ਪਈ। ਸਾਰੇ ਇਕੱਠ ਵਿਚ ਰੌਲਾ ਮਚ ਗਿਆ। ਨਕਲੀਏ ਥਾਣੇ ਨੂੰ ਭਜ ਤੁਰੇ। ਉਨ੍ਹਾਂ ਨੇ ਅਫ਼ਸਰਾਂ ਨੂੰ ਝੂਠ ਕੁਸੱਤ ਕਿਹਾ—ਕਿ ਨਿਹੰਗ ਸਿੰਘ ਸਾਨੂੰ ਮਾਰਨ ਆ ਪਏ ਹਨ। ਪਰ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਨਕਲੀਏ ਕੁਝ ਵਡੇ ਅਫ਼ਸਰਾਂ ਰਾਹੀਂ ਦਬਾਅ ਪਾਉਣ ਦਾ ਯਤਨ ਕਰ ਰਹੇ ਹਨ। ਪਰ ਸਿੰਘ ਇਨ੍ਹਾਂ ਨਕਲੀਆਂ ਦੀਆਂ ਲੂੰਬੜ-ਚਾਲਾਂ ਤੋਂ ਸੁਚੇਤ ਹਨ।

ਨਕਲੀਆਂ ਨੇ ਬਣਾਉਟੀ ਨਿਹੰਗ-ਸਿੰਘ ਸਿਖ-ਜਨਤਾ ਨੂੰ ਧੋਖਾ ਦੇਣ ਲਈ ਬਣਾਏ ਹਨ। ਪਰ ਬੁਢੇ ਦਲ ਤੇ ਤਰੁਣਾ ਦਲ ਦਾ ਕੋਈ ਨਿਹੰਗ ਸਿੰਘ ਇਹ ਨਹੀਂ ਮੰਨ ਸਕਦਾ ਕਿ ਸ਼ਰਾਬੀ ਕਬਾਬੀ ਅਵਤਾਰ ਸਿੰਘ ਗੁਰੂ ਸੀ ਜਾਂ ਉਸ ਦਾ ਪੁਤਰ ਗੁਰਬਚਨ ਸਿੰਘ ਕੁਝ ਹੈ। 'ਝੂਠ ਝੂਠ ਚੁਤਾਵਲ' ਅਨੁਸਾਰ ਨਕਲੀਆਂ ਦੀ ਹਰ ਗੱਲ ਵਿਚ ਛਲ ਕਪਟ ਤੇ ਮਕਾਰੀ ਭਰੀ ਪਈ ਹੈ। ਕਿਸੇ ਥਾਂ ਗੁਰਬਾਣੀ ਦੀ ਕਥਾ ਕਰ ਕੇ ਲੋਕਾਂ ਨਾਲ ਚਾਰ ਸੌ ਵੀਹ ਕਰਦੇ ਹਨ, ਕਿਸੇ ਥਾਂ ਗੁਰਬਾਣੀ ਤੋਂ ਇਨਕਾਰੀ ਹੁੰਦੇ ਹਨ।

੧੭ ਫ਼ਰਵਰੀ ਨੂੰ ਅਸੀਂ ਡੀਲੈਕਸ ਰਾਹੀਂ ਦਿਲੀ ਤੋਂ ਅੰਮ੍ਰਿਤਸਰ ਆ ਰਹੇ ਸੀ। ਜਦ ਬਿਆਸ ਦੇ ਲਾਗੇ ਗੱਡੀ ਪੁਜੀ ਤਾਂ ਸਾਡੇ ਕਮਰੇ ਦੇ ਇਕ ਪਾਸੇ ਕੁਝ ਮੁੰਡੇ ਇਕ ਫ਼ੈਸ਼ਨੇਬਲ ਕੁੜੀ ਨੂੰ ਘੇਰੀ ਬੈਠੇ ਸਨ।



www.AKJ.Org

ਪਹਿਲੇ ਤੇ ਉਹ ਤਾੜੀ ਮਾਰਦੇ ਸਨ। ਅਸੀਂ ਸਮਝਿਆ ਤਾਸ਼ ਖੇਡਦੇ ਹਨ। ਫਿਰ ਉਹ ਕੁੜੀ ਗਾਉਣ ਲਗ ਪਈ, 'ਮੇਰਾ ਗੁਰੂ ਬਚਨ ਅਵਤਾਰ'। ਮੁੰਡੇ ਕਹਿਣ ਲਗੇ, 'ਪਿਆਰਿਓ, ਕੁਆਲੀ ਦੇ ਨਾਲ ਪਿਆਲੀ ਵੀ ਆ ਜਾਵੇ।' ਅਸੀਂ ਸਮਝ ਲਿਆ ਕਿ ਇਹ ਨਕਲੀ ਨਿਰੰਕਾਰੀ ਦੇ ਚੇਲੇ ਬਾਲਕੇ ਹਨ। ਅਸੀਂ ਉਨ੍ਹਾਂ ਨੂੰ ਪੁਛਿਆ, 'ਕਿਹੜਾ ਗੁਰੂ ਬਚਨ ਅਵਤਾਰ ਪ੍ਰਗਟ ਹੋਇਆ ਹੈ, ਜਿਹੜਾ ਦਿਲੀ ਵਿਚ ਸਰਮਾਏਦਾਰੀ ਦਾ ਮੁਜ਼ਾਹਰਾ ਕਰਨ ਲਈ ਨੋਟਾਂ ਨਾਲ ਤੁਲਿਆ ਸੀ? ਜਿਸ ਦੇ ਇਕ ਏਜੰਟ ਨੇ 'ਇਲੱਸਟ੍ਰੇਟਿਡ ਵੀਕਲੀ' ਵਿਚ ਬਿਆਨ ਛਪਵਾਇਆ ਹੈ ਕਿ ਅਸੀਂ ਗਊ ਤੇ ਸੂਰ ਰਲਾ ਕੇ ਖਾ ਲੈਂਦੇ ਹਾਂ ਤੇ ਸ਼ਰਾਬ ਪੀਣ ਵਿਚ ਕੋਈ ਹਰਜ ਨਹੀਂ ਸਮਝਦੇ? ਕੀ ਉਹੀ ਗੁਰਬਚਨ ਹੈ ਜਿਸ ਨੇ ਆਪਣੀ ਮਾਂ ਦੀ ਉਸਤਤਿ ਵਿਚ ਜਗਤ-ਮਾਤਾ ਟ੍ਰੈਕਟ ਛਪਵਾਇਆ, ਜਿਸ ਵਿਚ ਲਿਖਿਆ ਹੈ —

ਮਰ ਗਈ ਕਹਿਨੇ ਵਾਲੇ ਖ਼ਿਆਲ ਕਰੇਂ
ਖ਼ੁਦਾ ਕੀ ਬੀਵੀ ਥੀ ਖ਼ੁਦਾ ਕੀ ਮਾਂ ਥੀ ਵੋਹ।

ਦਸੋ ਉਹ ਕਿਹੜਾ ਖ਼ੁਦਾ ਹੈ ਜਿਸ ਦੀ ਮਾਂ ਤੇ ਬੀਵੀ ਹੋ ਸਕਦੀ ਹੈ? ਨਕਲੀਆਂ ਨੂੰ ਕੋਈ ਜੁਆਬ ਨਾ ਸੁਝਿਆ। ਦੰਦਕਣ ਪੈ ਗਈ।

ਅਸੀਂ ਸਿਖ-ਸੰਗਤਾਂ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਨਕਲੀ ਨਿਰੰਕਾਰੀ ਜਿਥੇ ਵੀ ਗੁਰਬਾਣੀ ਦੀ ਆੜ ਵਿਚ ਆਪਣਾ ਦੰਭ-ਪਖੰਡ ਤੇ ਗੁਰੂ-ਡੰਮ ਦਾ ਪ੍ਰਚਾਰ ਕਰਨ, ਇਕ ਇਕ ਸਿੰਘ ਇਨ੍ਹਾਂ ਦਾ ਟਾਕਰਾ ਕਰੇ। ਇਹ ਲੋਕ ਨਿਰੰਕਾਰ ਤੋਂ ਬੇਮੁਖ ਹਨ। ਆਦਮ-ਪ੍ਰਸਤੀ ਕਰਦੇ ਹਨ। ਗੁਰਬਾਣੀ ਪੜ੍ਹ ਕੇ ਲੋਕਾਂ ਨੂੰ ਟਪਲਾ ਦਿੰਦੇ ਹਨ। ਸਿਖ ਰੂਪ ਧਾਰ ਕੇ ਸਿਖੀ ਦੇ ਦੁਸ਼ਮਣ ਹਨ। ਇਨ੍ਹਾਂ ਦਾ ਟਾਕਰਾ ਕਰਨਾ ਪੁੰਨ-ਕਰਮ ਹੈ।

ਸਾਨੂੰ ਇਹ ਜਾਣ ਕੇ ਦੁਖ ਹੋਇਆ ਹੈ ਕਿ ਜਦ ਸਮੂੰਹ ਖ਼ਾਲਸਾ ਪੰਥ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦੇ ਦੰਭ-ਪਖੰਡ ਤੇ ਗੁਰੂ-ਡੰਮ ਵਿਰੁਧ ਸੰਘਰ ਕਰ ਰਿਹਾ ਹੈ, ਉਥੇ ਸੰਤ ਅਕਾਲੀ ਦਲ ਦੇ ਜਨਰਲ ਸਕੱਤਰ ਸ: ਸੁਰਜੀਤ ਸਿੰਘ ਐਡਵੋਕੇਟ ਬਰਨਾਲਾ ਨੇ ਸ਼ਾਇਦ ਨੋਟਾਂ ਤੇ ਵੋਟਾਂ ਦੇ ਲਾਲਚ ਵਿਚ ਫਸ ਕੇ ਬਰਨਾਲੇ ਵਿਚ ਗੁਰੂ-ਡੰਮੀ ਗੁਰਬਚਨ ਸਿੰਘ ਦਾ ਸਵਾਗਤ ਕੀਤਾ ਹੈ, ਉਸ ਦੇ ਹੱਕ ਵਿਚ ਤਕਰੀਰ ਕੀਤੀ ਹੈ। ਸੰਗਤਾਂ ਨੂੰ ਇਸ ਕਾਰਵਾਈ ਵਿਰੁੱਧ ਜ਼ੋਰਦਾਰ ਪ੍ਰੋਟੈਸਟ ਕਰਨਾ ਚਾਹੀਦਾ ਹੈ।

['ਗਿਆਨ ਅੰਮ੍ਰਿਤ' 'ਚੋਂ ਧੰਨਵਾਦ ਸਹਿਤ

---

[ਸਫ਼ਾ ੩੭ ਦੀ ਬਾਕੀ]

ਉਨ੍ਹਾਂ ਨੂੰ ਤਿਆਰ ਕਰਨ ਵਾਲਿਆਂ ਦੀ ਬੇਪਰਵਾਹੀ ਤੇ ਅਨਗਹਿਲੀ ਆਦਿ ਦੀ ਪ੍ਰਸਿਧੀ ਦਾ ਕਾਰਨ ਬਣਦੀ ਹੈ। ਇਹ ਛਿਦ੍ਰ ਪੰਜਾਬੀ ਪੁਸਤਕਾਂ ਵਿਚ ਤੇ ਧਾਰਮਿਕ ਵਿਭਾਗਾਂ ਵਾਲੀਆਂ ਯੂਨੀਵਰਸਿਟੀ ਦੀਆਂ ਲਾਈਆਂ ਤੇ ਆਪ ਤਿਆਰ ਕੀਤੀਆਂ ਪੁਸਤਕਾਂ ਵਿਚ ਭੀ ਦੇਖਣ ਵਿਚ ਆ ਰਿਹਾ ਹੈ।

ਇਥੋਂ ਤਕ ਤਾਂ ਗੱਲ ਸੀ ਸਦਾਚਾਰਕ ਵਿਚਾਰਾਂ ਦੀ। ਹੋਰ ਹੈਰਾਨੀ ਹੈ ਕਿ ਰਾਜਸੀ ਤੇ ਆਰਥਕ ਮਸਲਿਆਂ ਸੰਬੰਧੀ ਭੀ ਅਜਿਹੀਆਂ ਲਿਖਤਾਂ ਅਜੇ ਤਕ ਸਾਹਿੱਤ ਦੇ ਨਾਂ ਉਤੇ ਪੜ੍ਹਾਈਆਂ ਜਾਂਦੀਆਂ ਹਨ, ਜਿਨ੍ਹਾਂ ਤੋਂ ਬਗਾਵਤ, ਗੁਸਤਾਖ਼ੀ, ਹੜਤਾਲਾਂ, ਘੇਰਾਉ ਲਈ ਪ੍ਰੇਰਨਾ ਮਿਲਦੀ ਹੋਵੇ।

ਇਹ ਗੱਲ ਨਿਰੀ ਕਾਲਜਾਂ ਦੇ ਕੋਰਸਾਂ ਤੇ ਹੀ ਸੀਮਿਤ ਨਹੀਂ। ਅਖ਼ਬਾਰਾਂ ਵਿਚ ਭੀ, ਇਨ੍ਹਾਂ ਖ਼ਬਰਾਂ ਦੀ ਭਰਮਾਰ ਤੇ ਮਹਾਨਤਾ ਵੇਖ ਕੇ ਨੌਜਵਾਨਾਂ ਦਾ ਚਿਤ ਕਰ ਆਉਂਦਾ ਹੈ ਕਿ ਸਾਡੇ ਕਾਲਜ, ਸਾਡੀ ਸਭਾ, ਸਾਡੀ ਯੂਨੀਅਨ ਦਾ ਨਾਂ ਭੀ ਛਪੇ ਤੇ ਫੇਰ ਅਹੁਦੇਦਾਰਾਂ ਦੇ ਤਾਂ ਛਾਪਣਗੇ ਹੀ।

ਅਸੀਂ ਕੇਵਲ ਇਹ ਕਹਿਣਾ ਚਾਹੁੰਦੇ ਹਾਂ ਕਿ ਕਾਨੂੰਨ, ਸਮਾਜ, ਮਾਪਿਆਂ, ਲੇਖਕਾਂ ਤੇ ਕੋਰਸ ਨੀਅਤ ਕਰਨ ਵਾਲਿਆਂ ਨੂੰ ਇਹ ਵੇਖਣ ਜਾਚਣ ਦੀ ਲੋੜ ਹੈ ਕਿ ਅਸੀਂ ਨੌਜਵਾਨਾਂ ਦੇ, ਬੱਚਿਆਂ ਦੇ ਤੇ ਜਨਤਾ ਦੇ ਹੱਥ ਚੰਗੀ ਪਰੇਰਨਾ ਦੇਣ ਵਾਲੇ ਪੁਸਤਕ ਤੇ ਪੱਤਰ ਪੁਚਾਈਏ ਤਾਂ ਜੁ ਚੰਗੇ ਜੀਵਨ ਦੀ ਪਰੇਰਨਾ ਮਿਲੇ। ਧਾਰਮਕ, ਸਦਾਚਾਰਕ, ਸੁਹਜਾਤਮਕ ਤੇ ਸੁਧਾਰਕ ਪੁਸਤਕਾਂ ਹੀ ਇਹ ਲੋੜ ਪੂਰੀ ਕਰ ਸਕਦੀਆਂ ਹਨ।

ਸਮਕਾਲੀ 'ਖ਼ਾਲਸਾ ਸਮਾਚਾਰ' ਦੀ ਰਾਇ ਠੀਕ ਹੈ। ਪਰ ਸਾਡੇ ਨੌਜਵਾਨ ਮੁੰਡੇ ਕੁੜੀਆਂ ਨੂੰ ਗੰਦਾ ਸਾਹਿੱਤ ਦੇ ਕੇ ਹਿੱਪੀ ਬਣਾਇਆ ਜਾ ਰਿਹਾ ਹੈ।


www.AKJ.Org

ਫ਼ਿਲਮਾਂ ਵਿਚ ਚੁੰਮਣ ਚਟਣ ਤੇ ਲਿੰਗ ਵਾਸ਼ਨਾ ਦੇ ਭੜਕਾਊ ਸੀਨ, ਤੇ ਅਖ਼ਬਾਰਾਂ ਦੇ ਫ਼ਿਲਮੀ ਐਡੀਸ਼ਨਾਂ 'ਚ ਨਾਚੇ ਨਾਚੀਆਂ ਦੇ ਇੰਟਰਵੀਊ, ਕੁੜਮਾਈ, ਵਿਆਹ ਤੇ ਪੈਰ ਭਾਰਾ ਹੋਣ ਤੇ ਤਲਾਕ ਦੀਆਂ ਖ਼ਬਰਾਂ ਛਪਦੀਆਂ ਹਨ। ਨੌਜਵਾਨ ਉਨ੍ਹਾਂ ਨੂੰ ਸ਼ੌਕ ਨਾਲ ਪੜ੍ਹਦੇ ਹਨ।

ਸਾਡੇ ਧਰਮ-ਅਸਥਾਨ ਵੀ ਫ਼ਿਲਮੀ ਕਲਾਕਾਰਾਂ ਦੇ ਹਾਵ ਭਾਵ ਤੋਂ ਨਹੀਂ ਬਚ ਸਕੇ। ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਨਾਲ ਸ੍ਰੀ ਦਰਬਾਰ ਸਾਹਿਬ ਵਿਚ 'ਨਾਨਕ ਨਾਮ ਜਹਾਜ਼' ਫ਼ਿਲਮ ਬਣਵਾਈ ਗਈ। ਅਤੇ ਹੋਰ ਬਣ ਰਹੀਆਂ ਹਨ। ਇਸ ਤੋਂ ਵਧ ਕੇ ਸਿਖੀ ਦੀ ਕੀ ਨਿਰਾਦਰੀ ਹੋ ਸਕਦੀ ਹੈ ?

---

## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

ਕਾਗਜ਼ ਤੇ ਛਪਾਈ ਆਦਿ ਦੇ ਰੇਟ ਬਹੁਤ ਹੀ ਵਧਦੇ ਜਾ ਰਹੇ ਹਨ, ਪਰ ਅਸੀਂ ਅਜੇ ਤਕ 'ਸੂਰਾ' ਮਾਸਕ ਪੱਤਰ ਦਾ ਚੰਦਾ ਪੁਰਾਣਾ ਹੀ ੬–੦੦ ਦੇਸ ਰਖਿਆ ਹੋਇਆ ਹੈ। ਇਹ ਵਧੇ ਹੋਏ ਸਭ ਖ਼ਰਚ ਗੁਰਸਿਖ ਵੀਰ ਭੈਣਾਂ ਵਲੋਂ ਆਈ ਸਹਾਇਤਾ ਨਾਲ ਚਲਦੇ ਜਾ ਰਹੇ ਹਨ। ਆਪ ਸਜਣਾਂ ਦੇ ਸਹਿਯੋਗ ਨਾਲ ਪਰਚਾ ਦਿਨ-ਬ-ਦਿਨ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

ਐਤਕੀ ਬਰਮਿੰਘਮ ਇੰਗਲੈਂਡ ਤੋਂ ਆਏ ਹੋਏ ਇਕ ਵੀਰ ਜੀ ਵਲੋਂ ਗੁਪਤ ਸਹਾਇਤਾ ਤਿੰਨ ਹਜ਼ਾਰ ਰੁਪਏ ਦੀ ਇਸ ਮਾਸਕ ਪੱਤਰ ਨੂੰ ਦਿਤੀ ਗਈ ਹੈ। ਇਸੇ ਤਰ੍ਹਾਂ ਭਾਈ ਸਾਹਿਬ ਜੀਵਨ ਸਿੰਘ ਜੀ ਹਜ਼ੂਰੀ ਰਾਗੀ ਪਟਨਾ ਸਾਹਿਬ ਵਲੋਂ ਆਪਣੇ ਵਲੋਂ ਵਖ ਵਖ ਥਾਵਾਂ ਤੇ ਪਰਚੇ ਆਦਿ ਜਾਰੀ ਕਰਾਉਣ ਬਦਲੇ ਇਕ ਹਜ਼ਾਰ ਰੁਪਏ ਦੀ ਰਕਮ 'ਸੂਰਾ' ਨੂੰ ਸਹਾਇਤਾ ਵਜੋਂ ਦਿਤੀ ਗਈ।

ਸਤਿਗੁਰੂ ਪਾਤਸ਼ਾਹ ਨਾਮ ਦਾਨ ਤੇ ਚੜ੍ਹਦੀਆਂ ਕਲਾਂ ਦੀਆਂ ਖ਼ੁਸ਼ੀਆਂ ਬਖ਼ਸ਼ਣ।

**ਹੋਰ ਸਜਣਾਂ ਵਲੋਂ ਆਈ ਸਹਾਇਤਾ ਦਾ ਵੇਰਵਾ :—**

| | |
|---|---|
| ਭਾ: ਹਰਭਜਨ ਸਿੰਘ ਜੀ c/o ਬਾਬਾ ਗੁਲਾਬ ਸਿੰਘ ਜੀ Jeal Gora ਵਲੋਂ | ੫–੦੦ |
| ਭਾ: ਪ੍ਰੀਤਮ ਸਿੰਘ ਜੀ, ਦਸਮੇਸ਼ ਇੰਜੀਨੀਰਿੰਗ ਵਰਕਸ ਦਸੂਹਾ ਵਲੋਂ | ੨੧–੦੦ |
| ਭਾ: ਦਰਸ਼ਨ ਸਿੰਘ ਜੀ ਗੜਗਜ ਵਲੋਂ ਮਾਤਾ ਜੀ ਦੇ ਭੋਗ ਸਮੇਂ | ੨੧–੦੦ |
| ਭਾ: ਧਰਮ ਸਿੰਘ ਜੀ (c/o ਗਿ: ਭਗਵਾਨ ਸਿੰਘ ਜੀ) ਵਲੋਂ ਮਾਤਾ ਜੀ ਦੇ ਭੋਗ ਸਮੇਂ | ੧੧–੦੦ |
| ਭਾ: ਮਨਸ਼ਾ ਸਿੰਘ ਜੀ ਭੋਗਲ, ਨਵਾਂ ਸ਼ਹਿਰ ਵਲੋਂ | ੪–੦੦ |
| ਬੀਬੀ ਸੁਰਿੰਦਰ ਪਾਲ ਕੌਰ ਜੀ, ਜਲੰਧਰ ਵਲੋਂ | ੧੦–੦੦ |
| ਗਿ: ਕਰਮ ਸਿੰਘ ਜੀ ਭੰਡਾਰੀ ਬਰਨਾਲਾ ਤੋਂ ਭੁਜੰਗੀ ਦੇ ਜਨਮ ਦੀ ਖ਼ੁਸ਼ੀ ਵਿਚ | ੫–੦੦ |
| ਸਰਦਾਰਨੀ ਅਵਤਾਰ ਸਿੰਘ ਜੀ ਢਲ D.S.P., ਦੇਵ ਨਗਰ, ਨਵੀਂ ਦਿਲੀ ਵਲੋਂ | ੨੧–੦੦ |
| ਬਾਬਾ ਸਤਨਾਮ ਪਿੰਡ ਭੂੜੇ ਡਾਕਖ਼ਾਨਾ ਚਮਕੌਰ ਸਾਹਿਬ ਵਲੋਂ | ੧੧–੦੦ |
| ਸ: ਗੁਰਦੀਪ ਸਿੰਘ ਜੀ ਕਲਕੱਤਾ ਵਲੋਂ | ੫–੦੦ |
| ਸ: ਅਮਰਜੀਤ ਸਿੰਘ ਜੀ D/man II, c/o 99 A.P.O. ਵਲੋਂ | ੨੪–੦੦ |

ਸਤਿਗੁਰੂ ਸਰਬਤ ਨੂੰ ਨਾਮ ਦਾਨ ਤੇ ਚੜ੍ਹਦੀਆਂ ਕਲਾਂ ਬਖ਼ਸ਼ਣ।

ਮੈਨੇਜਰ 'ਸੂਰਾ', ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ



www.AKJ.Org

# ਜੈਪੁਰ ਵਿਖੇ ਕੀਰਤਨੀ ਦੇ ਅਦੁੱਤੀ ਸਮਾਗਮ

## ੭ ਜੂਨ ਸ਼ੁਕਰਵਾਰ ਸਵੇਰ ਤੋਂ ੯ ਜੂਨ ਐਤਵਾਰ ਸਵੇਰ ਤਕ

ਸਤਿਗੁਰੂ ਦੀ ਅਪਾਰ ਮਿਹਰ ਸਦਕਾ ਦਿਲੀ ਅਤੇ ਪਟਿਆਲੇ ਦੀਆਂ ਸੰਗਤਾਂ ਦੀ ਪਰਵਾਨਗੀ ਅਨੁਸਾਰ ਜੈਪੁਰ ਵਿਖੇ ਅਦੁੱਤੀ ਕੀਰਤਨ ਸਮਾਗਮ ਹੋ ਰਹੇ ਹਨ। ਸਿਕਾਂ ਸਿਕਦਿਆਂ ਨੂੰ ਇਹ ਸਮਾਗਮ ਇਥੋਂ ਦੀ ਸੰਗਤਾਂ ਨੂੰ ਪ੍ਰਾਪਤ ਹੋ ਰਿਹਾ ਹੈ, ਜਿਸ ਵਿਚ ਰਹਿਣੀ ਬਹਿਣੀ ਦੇ ਸੂਰੇ ਪੰਥ ਰਤਨ ਸਚਖੰਡ ਵਾਸੀ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂਹ ਨਿਰਬਾਣ ਕੀਰਤਨੀ ਜੱਥੇ ਦੇਸ਼ ਭਰ ਵਿਚੋਂ ਪੁਜ ਰਹੇ ਹਨ।

ਸਮੂਹ ਗੁਰੂ ਪਿਆਰਿਆਂ, ਕੀਰਤਨ-ਰਸੀਆਂ ਅਤੇ ਕੀਰਤਨੀ ਵੀਰਾਂ ਭੈਣਾਂ ਦੀ ਸੇਵਾ ਵਿਚ ਪ੍ਰਾਰਥਨਾ ਹੈ ਕਿ ਉਹ ਸਮਾਗਮ ਦੇ ਅਰੰਭ ਤੋਂ ਅੰਤ ਤਕ ਹਾਜ਼ਰੀਆਂ ਭਰਨ ਤੇ ਹਰਿਜਸ ਸੁਣਾ ਕੇ ਨਿਹਾਲ ਕਰਨ ਅਤੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

## ਪ੍ਰੋਗਰਾਮ ਅਖੰਡ ਕੀਰਤਨ

7-6-74 ਸ਼ੁਕਰਵਾਰ ਸਵੇਰੇ 5 ਵਜੇ ਤੋਂ ਦਿਵਸ ਸੁਹੇਲਾ ਕੀਰਤਨ
ਸ਼ਾਮ 7 30 ਤੋਂ 9-30 ਤਕ ਅਖੰਡ ਕੀਰਤਨ
8-6-74 ਸ਼ਨੀਵਾਰ ਸਵੇਰੇ 5 ਤੋਂ ਦਿਵਸ ਸੁਹੇਲਾ ਕੀਰਤਨ

**ਰੈਣ-ਸਬਾਈ ਕੀਰਤਨ**— ਸ਼ਨੀਵਾਰ ਰਾਤ 8 ਵਜੇ ਤੋਂ ਐਤਵਾਰ ਸਵੇਰੇ 6 ਵਜੇ ਤਕ ਹੋਣਗੇ।

**ਅੰਮ੍ਰਿਤ-ਸੰਚਾਰ** ਸ਼ਨੀਵਾਰ ਸ਼ਾਮ 4 ਵਜੇ ਹੋਵੇਗਾ। ਅਭਿਲਾਖੀ ਸਜਣੋ, ਸਕੇਸ਼ ਇਸ਼ਨਾਨ ਕਰ ਕੇ ਪੰਜ ਕਕਾਰੀ ਰਹਿਤ ਧਾਰਨ ਕਰ ਕੇ ਪੁਜੋ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰੋ ਜੀ।

**ਕੀਰਤਨ ਅਸਥਾਨ**—ਕੀਰਤਨ ਦੇ ਸਾਰੇ ਪ੍ਰੋਗਰਾਮ, ਅੰਮ੍ਰਿਤ-ਸੰਚਾਰ ਅਤੇ ਰਿਹਾਇਸ਼ ਦੇ ਪਰਬੰਧ ਗੁਰਦਵਾਰਾ ਰਾਜਾ ਪਾਰਕ ਵਿਖੇ ਹੋਣਗੇ।

ਪੁਛ-ਗਿਛ ਲਈ—
ਭਾਈ ਜਗਦੀਸ਼ ਸਿੰਘ ਜੀ
ਪਲਾਟ ਨੰਬਰ ੩੬੧, ਗਲੀ ਨੰਬਰ ੧, ਰਾਜਾ ਪਾਰਕ, ਜੈਪੁਰ

ਦਰਸ਼ਨ ਅਭਿਲਾਖੀ ਦਾਸਰੇ—
ਨਿਰਬਾਣ ਕੀਰਤਨੀ ਜੱਥਾ, ਜੈਪੁਰ (ਰਾਜਿਸਥਾਨ)

---

## ਫਗਵਾੜੇ ਵਿਖੇ ਕੀਰਤਨ ਰੈਣ-ਸਬਾਈ

ਸਮੂਹ ਸੰਗਤਾ ਨੂੰ ਪ੍ਰਾਰਥਨਾ ਕੀਤੀ ਜਾਂਦੀ ਹੈ ਕਿ ਗੁਰਦਵਾਰਾ ਅਕਾਲੀਆਂ ਰੇਲਵੇ ਰੋਡ, ਫਗਵਾੜਾ ਵਿਖੇ ਪਹਿਲੀ ਜੂਨ 1974 ਸ਼ਨੀਵਾਰ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਅੰਮ੍ਰਿਤ-ਸੰਚਾਰ ਸਮਾਗਮ ਵੀ ਹੋਣਗੇ। ਅੰਮ੍ਰਿਤ-ਅਭਿਲਾਖੀ ਸਜਣ ਅਤੇ ਕੀਰਤਨ-ਰਸੀਏ ਵੀਰ-ਭੈਣਾਂ ਵਹੀਰਾਂ ਘਤ ਕੇ ਪੁਜੋ ਅਤੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

ਪੁਛ-ਗਿਛ ਲਈ—
ਭਾ: ਕਰਤਾਰਸਿੰਘ ਗੁਰਦਿਆਲਸਿੰਘ ਬਨੈਨਾਂ ਵਾਲੇ
ਗਾਂਧੀ ਚੌਕ, ਫਗਵਾੜਾ

ਦਰਸ਼ਨ ਅਭਿਲਾਖੀ ਦਾਸਰੇ—
ਅਖੰਡ ਕੀਰਤਨੀ ਜੱਥਾ ਫਗਵਾੜਾ ਤੇ ਗੁਰਾਇਆ

www.AKJ.Org

## ਸਰਬ-ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ

# ਹੁਸ਼ਿਆਰਪੁਰ ਵਿਖੇ ਸ਼ਹੀਦੀ ਗੁਰਪੁਰਬ

## ੨੩ ਮਈ ਵੀਰਵਾਰ ਸਵੇਰ ਤੋਂ ੨੬ ਮਈ ਐਤਵਾਰ ਸਵੇਰ ਤਕ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ ਕੁਮਾਰ ਹਟੀ ਤੋਂ ਬਦਲ ਕੇ ਹੁਸ਼ਿਆਰਪੁਰ ਵਿਖੇ ਹੋਣਾ ਨੀਯਤ ਹੋਇਆ ਹੈ। ਸਰਬਤ ਸਿੰਘਾਂ ਵੀਰਾਂ ਭੈਣਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਆਇ ਦੀਦਾਰ ਬਖਸ਼ੋ ਤੇ ਹਰਿ-ਜਸ ਦੇ ਲਾਹੇ ਪ੍ਰਾਪਤ ਕਰੋ ਜੀ।

## ਕੀਰਤਨ ਤੇ ਅਖੰਡਪਾਠ ਪ੍ਰੋਗਰਾਮ

| ਮਿਤੀ ਅਤੇ ਦਿਨ | ਸਮਾਂ | ਪ੍ਰੋਗਰਾਮ ਦਾ ਵੇਰਵਾ | ਅਸਥਾਨ |
|---|---|---|---|
| ੨੩-੫-੭੪ | ੫-੦੦ ਤੋਂ ੭-੩੦ ਸਵੇਰੇ | ਕੀਰਤਨ ਆਸਾ ਦੀ ਵਾਰ | ਗੁ: ਸਿੰਘ ਸਭਾ, ਹੁਸ਼ਿਆਰਪੁਰ |
| (ਵੀਰਵਾਰ) | ਉਪਰੰਤ | ਅਰੰਭ ਸ੍ਰੀ ਅਖੰਡਪਾਠ | ,, ,, |
| | ੮-੦੦ ਤੋਂ ੧੦-੦੦ ਸ਼ਾਮ | ਅਖੰਡ ਕੀਰਤਨ | ਗੁ: ਕਲਗੀਧਰ ਚਰਨ ਪਾਵਨ, ਮਾਡਲਟਾਊਨ |
| ੨੪-੫-੭੩ | ੫-੦੦ ਤੋਂ ੧੨-੦੦ ਸਵੇਰੇ | ਅਖੰਡ ਕੀਰਤਨ | ਗੁ: ਭਾਈ ਜੋਗਾ ਸਿੰਘ ਜੀ, ਸ਼ੇਖਾਂ ਮਹੱਲਾ |
| (ਸ਼ੁਕਰਵਾਰ) | —— ੪-੦੦ ਸ਼ਾਮ | ਅਰੰਭ ਨਗਰ ਕੀਰਤਨ | ਗੁ: ਸਿੰਘ ਸਭਾ ਤੋਂ ਅਰੰਭ |
| | ੮-੦੦ ਤੋਂ ੯-੩੦ ਸ਼ਾਮ | ਅਖੰਡ ਕੀਰਤਨ | ,, ,, |
| ੨੫-੫-੭੪ | ੫-੩੦ ਤੋਂ ੬-੦੦ ਸਵੇਰੇ | ਭੋਗ ਸ੍ਰੀ ਅਖੰਡ ਪਾਠ | ,, ,, |
| (ਸ਼ਨੀਵਾਰ) | ੬-੮੦ ਤੋਂ ੧-੦੦ ਸਵੇਰੇ | ਅਖੰਡ ਕੀਰਤਨ | ,, ,, |
| | —— ੪-੦੦ ਸ਼ਾਮ | ਅੰਮ੍ਰਿਤ ਸੰਚਾਰ | ,, ,, |
| | —— ੮-੦੦ ਰਾਤ | ਰੈਣ-ਸਬਾਈ ਕੀਰਤਨ | ,, ,, |
| ੨੬-੫-੭੪ (ਐਤਵਾਰ) | ੬-੦੦ ਸਵੇਰੇ | ਭੋਗ ਰੈਣ ਸਬਾਈ ਤੇ ਸਮਾਪਤੀ | ,, ,, |

ਨੋਟ :—੧. ਲੰਗਰ ਤੇ ਰਿਹਾਇਸ਼ ਦਾ ਪਰਬੰਧ ਗੁ: ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਹੋਵੇਗਾ।

੨. ਲੋੜ ਅਨੁਸਾਰ ਬਿਸਤਰੇ ਨਾਲ ਲੈ ਆਉਣੇ ਜੀ।

੩. ਅੰਮ੍ਰਿਤ-ਅਭਿਲਾਖੀ ਸਜਣ ਠੀਕ ਵਕਤ ਸਿਰ ਸਕੇਸ਼ ਇਸ਼ਨਾਨ ਕਰਕੇ, ਪੰਜੇ ਕਕਾਰ ਧਾਰਨ ਕਰ ਕੇ ਪੁਜਣ ਦੀ ਕਿਰਪਾ ਕਰਨ ਜੀ।

ਪੁਛ ਗਿਛ ਲਈ—

**ਭਾਈ ਲਖਦੇਵ ਸਿੰਘ, J. R. Govt. Polytechnic, ਹੁਸ਼ਿਆਰਪੁਰ**

www.AKJ.Org